ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

You Tube https://youtu.be/LQwolgxDu7I

International Daily Newspaper & WEB TV

awazeqaumtvpunjab@gmail.com

ਬੁੱਧਵਾਰ, 17 ਜੁਲਾਈ 2024 (ਨਾਨਕਸ਼ਾਹੀ ਸੰਮਤ : ੫੫੬, ੨ ਸਾਵਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## 'ਵਾਟਰ-ਕੈਨਨ ਮੈਨ' ਨਵਦੀਪ ਜਲਵੇੜਾ ਨੂੰ ਹਾਈਕੋਰਟ ਤੋਂ ਮਿਲੀ ਜ਼ਮਾਨਤ

**ਚੰਡੀਗੜ੍ਹ, 16 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਕਿਸਾਨ ਅੰਦੋਲਨ ਦੇ ਵਾਟਰ ਕੈਨਨ ਬੁਆਏ ਦੇ ਨਾਂਅ ਨਾਲ ਮਸ਼ਹੂਰ ਨਵਦੀਪ ਜਲਵੇੜਾ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵੱਡੀ ਰਾਹਤ ਦਿੱਤੀ ਹੈ। ਅਦਾਲਤ ਨੇ ਨੌਜਵਾਨ ਕਿਸਾਨ ਆਗੂ ਨੂੰ ਜ਼ਮਾਨਤ ਦੇ ਦਿੱਤੀ ਹੈ। ਦੱਸ ਦੇਈਏ ਕਿ ਕਿਸਾਨ ਅੰਦੋਲਨ ਦੌਰਾਨ ਉਸ ਨੂੰ ਹਰਿਆਣਾ ਪੁਲਿਸ ਨੇ ਗ੍ਰਿਫਤਾਰ ਕੀਤਾ ਸੀ। ਉਹ ਕਈ ਮਹੀਨਿਆਂ ਤੋਂ ਜੇਲ੍ਹ ਵਿੱਚ ਹੈ ਜਿਸ ਨੂੰ ਲੈ ਕੇ ਕਿਸਾਨ ਲਗਾਤਾਰ ਪ੍ਰਦਰਸ਼ਨ ਕਰ ਰਹੇ ਹਨ। ਕਿਸਾਨਾਂ ਨੇ ਨਵਦੀਪ ਜਲਬੇੜਾ ਦੀ ਰਿਹਾਈ ਲਈ 17 ਜੁਲਾਈ ਨੂੰ ਅੰਬਾਲਾ ਦੇ ਐਸਪੀ ਦਫ਼ਤਰ ਨੂੰ ਘੇਰਨ ਦਾ ਐਲਾਨ ਕੀਤਾ ਸੀ। ਇਸ ਦੌਰਾਨ ਹਾਈਕੋਰਟ ਨੇ ਨਵਦੀਪ ਜਲਵੇੜਾ ਦੀ ਜ਼ਮਾਨਤ ਮਨਜ਼ੂਰ ਕਰ ਲਈ ਹੈ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਪੁਲਿਸ ਨੇ ਸ਼ੱਕ ਜ਼ਾਹਰ ਕੀਤਾ ਸੀ ਕਿ ਨਵਦੀਪ ਨੂੰ ਵਿਦੇਸ਼ ਤੋਂ ਫੰਡਿੰਗ ਮਿਲੀ ਸੀ। ਕਿਸਾਨਾਂ ਨੇ ਕੱਲ੍ਹ ਅੰਬਾਲਾ ਦੀ ਨਵੀਂ ਅਨਾਜ ਮੰਡੀ ਵਿੱਚ ਜ਼ਮਾਨਤ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕੀਤਾ ਸੀ ਅਤੇ ਐਸਪੀ ਦਫ਼ਤਰ ਨੂੰ ਘੇਰਨ ਦੀ ਚੇਤਾਵਨੀ ਦਿੱਤੀ ਸੀ। ਦੱਸ ਦਈਏ ਕਿ ਸ਼ੰਭੂ ਸਰਹੱਦ 'ਤੇ ਪ੍ਰਦਰਸ਼ਨ ਦੌਰਾਨ ਨਵਦੀਪ ਖਿਲਾਫ ਮਾਮਲਾ ਦਰਜ ਕੀਤਾ ਗਿਆ ਸੀ।



### ਬਾਗੀ ਧੜੇ ਦੀ ਚਿੱਠੀ ਦਾ ਦੇਣਗੇ ਜਵਾਬ

# ਸ੍ਰੀ ਅਕਾਲ ਤਖ਼ਤ ਸਾਹਿਬ ਨਤਮਸਤਕ ਹੋਣਗੇ ਸੁਖਬੀਰ ਬਾਦਲ

**ਅੰਮ੍ਰਿਤਸਰ, 16 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਪੰਜ ਸਿੰਘ ਸਾਹਿਬਾਨਾਂ ਵਲੋਂ 15 ਦਿਨਾਂ ਵਿਚ ਸਪੱਸ਼ਟੀਕਰਨ ਮੰਗੇ ਜਾਣ ਤੋਂ ਬਾਅਦ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਹੈ ਕਿ ਉਹ ਇਕ ਸ਼ਰਧਾਵਾਨ ਅਤੇ ਨਿਮਾਣੇ ਸਿੱਖ ਵੱਜੋਂ ਸ੍ਰੀ ਅਕਾਲ ਤਖ਼ਤ ਸਾਹਿਬ ਨਤਮਸਤਕ ਹੋਣਗੇ। ਉਨ੍ਹਾਂ ਕਿਹਾ ਕਿ ਮੇਰਾ ਰੋਮ-ਰੋਮ ਅਤੇ ਸੁਆਸ-ਸੁਆਸ ਚਵਰ, ਛਤਰ, ਤਖ਼ਤ ਦੇ ਮਾਲਿਕ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅਤੇ ਮੀਰੀ-ਪੀਰੀ ਦੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਤੀ ਸਮਰਪਿਤ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਅਨੁਸਾਰ, ਦਾਸ ਅਥਾਹ ਸ਼ਰਧਾ ਅਤੇ ਨਿਮਰਤਾ ਸਹਿਤ ਸਰਵਉੱਚ ਅਸਥਾਨ 'ਤੇ ਨਤਮਸਤਕ ਹੋਵੇਗਾ।



**ਪੰਜ ਸਿੰਘ ਸਾਹਿਬਾਨਾਂ ਨੇ ਮੰਗਿਆ ਸਪੱਸ਼ਟੀਕਰਨ :** ਦੱਸਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਪੰਜ ਸਿੰਘ ਸਾਹਿਬਾਨ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਦੋਸ਼ਾਂ ਸਬੰਧੀ 15 ਦਿਨਾਂ ਵਿਚ ਸਪਸ਼ਟੀਕਰਨ ਦੇਣ ਲਈ ਕਿਹਾ ਹੈ। ਪੰਜ ਸਿੰਘ ਸਾਹਿਬਾਨ ਦੀ ਸੋਮਵਾਰ ਨੂੰ ਇੱਥੇ ਸ੍ਰੀ ਅਕਾਲ ਤਖ਼ਤ ਵਿਖੇ ਹੋਈ ਇਕੱਤਰਤਾ ਵਿਚ ਇਹ ਮਾਮਲਾ ਵਿਚਾਰਿਆ ਗਿਆ। ਇਸੇ ਤਰ੍ਹਾਂ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣ ਦੇ ਫ਼ੈਸਲੇ ਨੂੰ ਸਹੀ ਠਹਿਰਾਉਣ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੇ 90 ਲੱਖ ਦੇ ਇਸ਼ਤਿਹਾਰਾਂ ਬਾਰੇ ਸਪੱਸ਼ਟੀਕਰਨ ਮੰਗਿਆ ਗਿਆ ਹੈ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਅਗਵਾਈ ਹੇਠ ਹੋਈ ਪੰਜ ਸਿੰਘ ਸਾਹਿਬਾਨਾਂ ਦੀ ਇਕੱਤਰਤਾ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਤੋਂ ਪੰਜ ਪਿਆਰਿਆਂ ਵਿਚੋਂ ਗਿਆਨੀ ਮੰਗਲ ਸਿੰਘ ਸ਼ਾਮਲ ਸਨ।

## ਜੇਲ੍ਹ 'ਚ ਬੰਦ ਅੰਮ੍ਰਿਤਪਲ ਸਿੰਘ ਨੇ ਲੋਕ ਸਭਾ ਸਪੀਕਰ ਨੂੰ ਲਿਖੀ ਚਿੱਠੀ

**ਨਵੀਂ ਦਿੱਲੀ, 16 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਲੋਕ ਸਭਾ ਸਪੀਕਰ ਨੂੰ ਪੱਤਰ ਲਿਖਿਆ ਹੈ। ਸੂਤਰਾਂ ਅਨੁਸਾਰ ਅੰਮ੍ਰਿਤਪਾਲ ਨੇ ਲੋਕ ਸਭਾ ਸਪੀਕਰ ਨੂੰ ਪੱਤਰ ਲਿਖ ਕੇ ਮਾਨਸੂਨ ਸੈਸ਼ਨ ਵਿੱਚ ਹਿੱਸਾ ਲੈਣ ਦੀ ਇੱਛਾ ਜ਼ਾਹਰ ਕੀਤੀ ਹੈ। ਸੰਸਦ ਦਾ ਮਾਨਸੂਨ ਸੈਸ਼ਨ 22 ਜੁਲਾਈ ਤੋਂ ਸ਼ੁਰੂ ਹੋਣ ਜਾ ਰਿਹਾ ਹੈ। 5 ਜੁਲਾਈ ਨੂੰ ਅੰਮ੍ਰਿਤਪਾਲ ਸਿੰਘ ਨੇ ਲੋਕ ਸਭਾ ਮੈਂਬਰ ਵਜੋਂ ਸਹੁੰ ਚੁੱਕੀ। ਉਹ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ। 18ਵੀਂ ਲੋਕ ਸਭਾ ਦੇ ਪਹਿਲੇ ਸੈਸ਼ਨ ਦੌਰਾਨ 542 ਨਵੇਂ ਚੁਣੇ ਗਏ ਸੰਸਦ ਮੈਂਬਰਾਂ ਵਿੱਚੋਂ 539 ਨੇ ਸੰਸਦ ਮੈਂਬਰ ਦੀ ਸਹੁੰ ਚੁੱਕੀ। ਅੰਮ੍ਰਿਤਪਾਲ ਸਿੰਘ ਜੇਲ੍ਹ ਵਿੱਚ ਹੋਣ ਕਾਰਨ ਸੈਸ਼ਨ ਦੌਰਾਨ ਸਹੁੰ ਨਹੀਂ ਚੁੱਕ ਸਕੇ ਸਨ। ਨਵੇਂ ਸੰਸਦ ਮੈਂਬਰ ਨੂੰ 60 ਦਿਨਾਂ ਦੇ ਅੰਦਰ ਸਹੁੰ ਚੁੱਕਣੀ ਪੈਂਦੀ ਹੈ, ਨਹੀਂ ਤਾਂ ਉਹ ਆਪਣੀ ਮੈਂਬਰਸ਼ਿਪ ਗੁਆ ਸਕਦਾ ਹੈ। ਲੋਕ ਸਭਾ ਚੋਣਾਂ 2024 ਵਿਚ ਅੰਮ੍ਰਿਤਪਾਲ ਸਿੰਘ ਨੇ ਖਡੂਰ ਸਾਹਿਬ ਸੀਟ ਤੋਂ ਕਾਂਗਰਸੀ ਉਮੀਦਵਾਰ ਕੁਲਦੀਪ ਸਿੰਘ ਜ਼ੀਰਾ ਨੂੰ 1 ਲੱਖ 97 ਹਜ਼ਾਰ 120 ਵੋਟਾਂ ਨਾਲ ਹਰਾ ਕੇ ਜਿੱਤ ਹਾਸਲ ਕੀਤੀ ਸੀ। ਅੰਮ੍ਰਿਤਪਾਲ ਸਿੰਘ ਨੂੰ 4 ਲੱਖ 4 ਹਜ਼ਾਰ 430 ਵੋਟਾਂ ਮਿਲੀਆਂ, ਜਦਕਿ ਕੁਲਦੀਪ ਜ਼ੀਰਾ ਨੂੰ 2 ਲੱਖ 7 ਹਜ਼ਾਰ 310 ਵੋਟਾਂ ਮਿਲੀਆਂ ਸਨ। ਇਸ ਦੇ ਨਾਲ ਹੀ ਇਸ ਸੀਟ 'ਤੇ ਆਮ ਆਦਮੀ ਪਾਰਟੀ ਦੇ ਲਾਲਜੀਤ ਸਿੰਘ ਭੁੱਲਰ 1,94,836 ਵੋਟਾਂ ਲੈ ਕੇ ਤੀਜੇ ਸਥਾਨ 'ਤੇ ਰਹੇ। ਪੰਜਾਬ ਦੀ ਖਡੂਰ ਸਾਹਿਬ ਸੀਟ ਤੋਂ ਆਜ਼ਾਦ ਉਮੀਦਵਾਰ 'ਵਾਰਿਸ ਪੰਜਾਬ ਦੇ' ਦੇ ਮੁਖੀ ਅੰਮ੍ਰਿਤਪਾਲ ਸਿੰਘ ਇਸ ਸਮੇਂ ਰਾਸ਼ਟਰੀ ਸੁਰੱਖਿਆ ਕਾਨੂੰਨ ਤਹਿਤ ਆਸਾਮ ਦੀ ਜੇਲ੍ਹ ਵਿੱਚ ਬੰਦ ਹਨ। ਤੁਹਾਨੂੰ ਦੱਸ ਦਈਏ ਕਿ ਇਸ ਤੋਂ ਪਹਿਲਾਂ ਅਸਾਮ ਦੀ ਡਿਬਰੂਗੜ੍ਹ ਕੇਂਦਰੀ ਜੇਲ੍ਹ ਵਿੱਚ ਐਨਐਸਏ ਤਹਿਤ ਨਵੇਂ ਚੁਣੇ ਗਏ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਅਤੇ 9 ਹੋਰਾਂ ਦੀ ਹਿਰਾਸਤ 19 ਜੂਨ ਨੂੰ ਇੱਕ ਸਾਲ ਲਈ ਵਧਾ ਦਿੱਤੀ ਗਈ ਸੀ। ਇਹ ਸਾਰੇ ਪਿਛਲੇ ਸਾਲ ਮਾਰਚ ਤੋਂ ਜੇਲ੍ਹ ਵਿੱਚ ਹਨ। 'ਵਾਰਿਸ ਪੰਜਾਬ ਦੇ' ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਤਿੰਨ ਸਾਥੀਆਂ ਦੀ ਹਿਰਾਸਤ 24 ਜੁਲਾਈ ਨੂੰ ਖ਼ਤਮ ਹੋਣੀ ਸੀ। ਜਦਕਿ ਛੇ ਹੋਰ ਸਾਥੀਆਂ ਦੀ ਹਿਰਾਸਤ 18 ਜੂਨ ਨੂੰ ਖਤਮ ਹੋਣੀ ਸੀ।

## ਸੂਫੀ ਗਾਇਕਾ ਜੋਤੀ ਨੂਰਾਂ ਦੀ ਗੱਡੀ 'ਤੇ ਹੋਇਆ ਹਮਲਾ, ਦੇਰ ਰਾਤ ਵਾਪਰਿਆ ਵੱਡਾ ਭਾਣਾ

**ਜਲੰਧਰ, 16 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸੂਫੀ ਗਾਇਕਾ ਨੂਰਾਂ ਸਿਸਟਰਜ਼ ਇੱਕ ਵਾਰ ਫਿਰ ਤੋਂ ਸੁਰਖੀਆਂ ਵਿੱਚ ਆ ਗਈ ਹੈ। ਦੱਸ ਦੇਈਏ ਕਿ ਜਲੰਧਰ 'ਚ ਗਾਇਕਾ ਸਮੇਤ ਉਨ੍ਹਾਂ ਦੇ ਸਾਥੀਆਂ ਦਾ ਦੇਰ ਰਾਤ ਬਾਈਕ ਸਵਾਰ ਕੁਝ ਨੌਜਵਾਨਾਂ ਨਾਲ ਝਗੜਾ ਹੋ ਗਿਆ। ਇਸ ਦੌਰਾਨ ਨੂਰਾਂ ਸਿਸਟਰਜ਼ ਨਾਲ ਮੌਜੂਦ ਉਨ੍ਹਾਂ ਨੇ ਸਾਥੀ ਨੇ ਘਬਰਾ ਕੇ ਆਪਣੀ ਕਾਰ ਨਾਲ ਉਕਤ ਨੌਜਵਾਨ ਦੀ ਬਾਈਕ ਨੂੰ ਟੱਕਰ ਮਾਰ ਦਿੱਤੀ। ਜਿਸ ਤੋਂ ਬਾਅਦ ਦੋ ਨੌਜਵਾਨ ਮੌਕੇ ਤੋਂ ਫਰਾਰ ਹੋ ਗਏ। ਇਸ ਦੇ ਨਾਲ ਹੀ ਉਨ੍ਹਾਂ ਨੇ ਤੀਜੇ ਸਾਥੀ ਨੂੰ ਮੌਕੇ 'ਤੇ ਹੀ ਫੜ ਲਿਆ ਅਤੇ ਮਾਮਲੇ ਦੀ ਸੂਚਨਾ ਪੁਲਿਸ ਨੂੰ ਦਿੱਤੀ। ਜਦੋਂ ਪੁਲਿਸ ਨੇ ਉਕਤ ਨੌਜਵਾਨ ਨੂੰ ਹਿਰਾਸਤ ਵਿੱਚ ਲਿਆ ਤਾਂ ਪਤਾ ਲੱਗਾ ਕਿ ਉਹ ਨਾਬਾਲਗ ਸੀ। ਹੁਣ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਜਲਦੀ ਹੀ ਪੁਲਿਸ ਮਾਮਲੇ ਦੀ ਜਾਂਚ ਕਰਕੇ ਅਗਲੀ ਕਾਰਵਾਈ ਕਰੇਗੀ। ਥਾਣਾ ਡਵੀਜ਼ਨ ਨੰਬਰ 4 ਦੇ ਐਸਐਚਓ ਹਰਦੇਵ ਸਿੰਘ ਨੇ ਦੱਸਿਆ ਕਿ ਦੇਰ ਰਾਤ ਨੂਰਾਂ ਸਿਸਟਰਜ਼ ਵਡਾਲਾ ਚੌਕ ਨੇੜੇ ਪ੍ਰੋਗਰਾਮ ਤੋਂ ਵਿਹਲੇ ਹੋ ਕੇ ਘਰ ਪਰਤ ਰਹੀਆਂ ਸਨ। ਘਰ ਪਰਤਣ ਤੋਂ ਪਹਿਲਾਂ ਉਹ ਬੀਐਮਸੀ ਚੌਕ ਸਥਿਤ 24-7 ਕਰਿਆਨੇ ਦੀ ਦੁਕਾਨ 'ਤੇ ਕੁਝ ਖਾਣ ਲਈ ਗਏ ਸੀ। ਜਦੋਂ ਉਹ ਉਕਤ ਸਟੋਰ ਦੇ ਬਾਹਰ ਪੁੱਜਣ ਵਾਲੇ ਸੀ ਤਾਂ ਬਾਈਕ ਸਵਾਰ ਤਿੰਨ ਨੌਜਵਾਨ ਆ ਗਏ। ਨੂਰਾਂ ਸਿਸਟਰਜ਼ ਦੇ ਇੱਕ ਦੋਸਤ ਦਾ ਤਿੰਨ ਨੌਜਵਾਨਾਂ ਨਾਲ ਝਗੜਾ ਹੋ ਗਿਆ ਸੀ। ਅਜਿਹੇ 'ਚ ਜਦੋਂ ਉਸ ਨੂੰ ਲੱਗਾ ਕਿ ਇਹ ਲੁਟੇਰੇ ਹਨ ਤਾਂ ਉਸ ਦੇ ਸਾਥੀ ਨੇ ਉਸ ਦੀ ਕਾਰ ਨਾਲ ਬਾਈਕ ਨੂੰ ਟੱਕਰ ਮਾਰ ਦਿੱਤੀ। ਜਿਸ ਕਾਰਨ ਬਾਈਕ ਸਵਾਰ ਹੇਠਾਂ ਡਿੱਗ ਗਏ। ਦੋ ਨੌਜਵਾਨ ਮੌਕੇ ਤੋਂ ਫਰਾਰ ਹੋ ਗਏ। ਜਿਸ ਤੋਂ ਬਾਅਦ ਇੱਕ ਨੌਜਵਾਨ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ ਗਿਆ। ਦੇਰ ਰਾਤ ਜਦੋਂ ਉਸ ਨੂੰ ਥਾਣੇ ਲਿਆਂਦਾ ਗਿਆ ਤਾਂ ਪਤਾ ਲੱਗਾ ਕਿ ਉਕਤ ਨੌਜਵਾਨ ਨਾਬਾਲਗ ਸੀ। ਫਿਲਹਾਲ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ, ਜਾਂਚ ਤੋਂ ਬਾਅਦ ਪੁਲਿਸ ਵੱਲੋਂ ਅਗਲੀ ਕਾਰਵਾਈ ਕੀਤੀ ਜਾਵੇਗੀ, ਫਿਲਹਾਲ ਇਸ ਲਈ ਕੋਈ ਮਾਮਲਾ ਦਰਜ ਨਹੀਂ ਕੀਤਾ ਗਿਆ ਹੈ। ਇਸ ਦੇ ਨਾਲ ਹੀ ਹਿਰਾਸਤ ਵਿੱਚ ਲਏ ਗਏ ਨਾਬਾਲਗ ਦੀ ਉਮਰ ਕਰੀਬ 13 ਸਾਲ ਹੈ। ਜਿਸ ਦੇ ਪਰਿਵਾਰ ਵਾਲਿਆਂ ਨੂੰ ਮਾਮਲੇ ਦੀ ਸੂਚਨਾ ਦੇ ਦਿੱਤੀ ਗਈ ਹੈ।



## ਪੰਜਾਬ ਲਈ ਖ਼ਤਰੇ ਦੀ ਘੰਟੀ

**ਚੰਡੀਗੜ੍ਹ, 16 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ 'ਚ ਰੋਜ਼ਾਨਾ ਧਰਤੀ ਹੇਠਲਾ ਪਾਣੀ ਲਗਾਤਾਰ ਡੂੰਘਾ ਹੋ ਰਿਹਾ ਹੈ, ਜਿਸ ਕਾਰਨ 150 ਬਲਾਕਾਂ 'ਚੋਂ ਲਗਭਗ 117 ਬਲਾਕ ਡਾਰਕ ਜ਼ੋਨ 'ਚ ਆ ਗਏ ਹਨ। ਇਸ ਦਾ ਇਕ ਵੱਡਾ ਕਾਰਨ ਸੂਬੇ 'ਚ ਰੋਜ਼ਾਨਾ ਮੋਟਰਾਂ ਦੀ ਗਿਣਤੀ ਦਾ ਵਧਣਾ ਵੀ ਹੈ। ਜਾਣਕਾਰੀ ਅਨੁਸਾਰ 1980 ਦੇ ਦਹਾਕੇ 'ਚ ਲੱਗਭਗ 2 ਲੱਖ ਦੇ ਕਰੀਬ ਟਿਊਬਵੈਲ ਸਨ, ਜਦੋਂ ਕਿ ਹੁਣ 16 ਲੱਖ ਵੱਧ ਹਨ। ਇੰਨਾ ਹੀ ਨਹੀਂ ਲਗਾਤਾਰ ਪਾਣੀ ਧਰਤੀ ਹੇਠਿਓਂ ਕੱਢਿਆ ਜਾ ਰਿਹਾ ਹੈ, ਜਿਸ ਕਰ ਕੇ ਸਾਲਾਨਾ ਇਕ ਮੀਟਰ ਪਾਣੀ ਐਵਰੇਜ ਡੂੰਘਾ ਹੁੰਦਾ ਜਾ ਰਿਹਾ ਹੈ। ਜੇਕਰ ਸਾਲ 1990 ਦੀ ਗੱਲ ਕਰੀਏ ਤਾਂ ਇਸ ਵਕਤ ਟਿਊਬਵੈਲਾਂ ਨਾਲ ਸਿੰਜਿਆ ਜਾਣ ਵਾਲਾ ਰਕਬਾ 2233 ਹੈਕਟੇਅਰ ਸੀ। ਉਸ ਵਕਤ ਡੀਜ਼ਲ ਨਾਲ ਚੱਲਣ ਵਾਲੇ ਟਿਊਬਵੈਲਾਂ ਦੀ ਗਿਣਤੀ 2 ਲੱਖ ਰਹਿ ਗਈ ਸੀ, ਜਦਕਿ ਬਿਜਲੀ ਨਾਲ ਚੱਲਣ ਵਾਲੀਆਂ ਮੋਟਰਾਂ ਦੀ ਗਿਣਤੀ ਵੱਧ ਕੇ 6 ਲੱਖ ਤੱਕ ਪਹੁੰਚ ਗਈ ਸੀ। ਇਸ ਤੋਂ ਬਾਅਦ ਜਦੋਂ 1997 'ਚ ਪੰਜਾਬ ਸਰਕਾਰ ਦੁਆਰਾ ਕਿਸਾਨਾਂ ਲਈ ਮੁਫ਼ਤ ਬਿਜਲੀ ਦਾ ਐਲਾਨ ਕੀਤਾ ਗਿਆ ਤਾਂ ਉਸ ਵਕਤ ਜੋ ਅੰਕੜੇ ਸਾਹਮਣੇ ਆਏ ਹਨ, ਉਸ ਤੋਂ ਤੁਸੀਂ ਆਪ ਹੀ ਅੰਦਾਜ਼ਾ ਲਾ ਸਕਦੇ ਹੋ ਕਿ ਪੰਜਾਬ ਵਿਚ ਕਿਸ ਤਰ੍ਹਾਂ ਟਿਊਬਵੈਲਾਂ ਦੀ ਰਫ਼ਤਾਰ ਵਧੀ। ਇਸ ਤੋਂ ਬਾਅਦ 2009 'ਚ ਡੀਜ਼ਲ ਨਾਲ ਚੱਲਣ ਵਾਲੇ ਟਿਊਬਵੈਲਾਂ ਦੀ ਗਿਣਤੀ 2 ਲੱਖ 26 ਹਜ਼ਾਰ ਰਹਿ ਗਈ ਅਤੇ ਬਿਜਲੀ ਨਾਲ ਚੱਲਣ ਵਾਲੀਆਂ ਮੋਟਰਾਂ ਦੀ ਗਿਣਤੀ 11 ਲੱਖ 6 ਹਜ਼ਾਰ ਤਕਰੀਬਨ ਹੋ ਗਈ ਸੀ। ਇਸੇ ਤਰ੍ਹਾਂ 2015-17 ਦੀ ਡੀਜ਼ਲ ਨਾਲ ਚੱਲਣ ਵਾਲੇ ਟਿਊਬਵੈਲਾਂ ਦੀ ਗਿਣਤੀ 1 ਲੱਖ 65 ਰਹਿ ਗਈ ਸੀ, ਜਦਕਿ ਬਿਜਲੀ ਨਾਲ ਚੱਲਣ ਵਾਲੀਆਂ ਮੋਟਰਾਂ ਦੀ ਗਿਣਤੀ ਪਿਛਲੇ 27 ਸਾਲਾਂ ਨਾਲੋਂ ਵਧ ਕੇ 12 ਲੱਖ 54 ਹਜ਼ਾਰ ਦਾ ਦਾ ਵੀ ਅੰਕੜਾ ਪਾਰ ਕਰ ਲਿਆ। ਇਨ੍ਹਾਂ ਮੋਟਰਾਂ ਨਾਲ ਕੁੱਲ 2940 ਹੈਕਟੇਅਰ ਖੇਤੀ ਯੋਗ ਰਕਬਾ ਸਿੰਜਿਆ ਜਾਂਦਾ ਸੀ। ਪਿਛਲੇ 30 ਸਾਲਾਂ ਵਿਚ ਨਹਿਰਾਂ ਨਾਲ ਸਿੰਜਿਆ ਜਾਣ ਵਾਲਾ ਰਕਬਾ 1430 ਹੈਕਟੇਅਰ ਤੋਂ ਘੱਟ ਕੇ 1186 ਹੀ ਰਹਿ ਗਿਆ। ਜੇਕਰ 2017 ਵੱਲ ਝਾਤ ਮਾਰੀਏ ਤਾਂ ਇਸ ਵਕਤ ਡੀਜ਼ਲ ਨਾਲ ਚੱਲਣ ਵਾਲੇ ਟਿਊਬਵੈਲਾਂ ਦੀ ਗਿਣਤੀ 1 ਲੱਖ 40 ਹਜ਼ਾਰ ਰਹਿ ਗਈ, ਜਦਕਿ ਮੋਟਰਾਂ ਦੀ ਗਿਣਤੀ 13 ਲੱਖ 36 ਹਜ਼ਾਰ ਤੱਕ ਪਹੁੰਚ ਗਈ। ਸਾਲ 2019 ਦੀ ਗੱਲ ਕਰੀਏ ਤਾਂ ਪੰਜਾਬ 'ਚ ਟਿਊਬਵੈਲ ਦੀ ਗਿਣਤੀ ਤਕਰੀਬਨ 16 ਲੱਖ ਹੋ ਗਈ ਸੀ। ਜਦੋਂ ਕਿ ਹੁਣ ਸਾਲ 2024 'ਚ ਇਹ ਗਿਣਤੀ ਹੋਰ ਵੀ ਵਧ ਗਈ ਹੈ। ਕਿਸਾਨ ਧੜਾਧੜ ਨਵੀਆਂ ਮੋਟਰਾਂ ਲਾ ਰਹੇ ਹਨ। ਲੋੜ ਹੈ ਕਿ ਸਰਕਾਰ ਖੇਤੀਬਾੜੀ ਵਿਭਾਗ ਇਸ ਵੱਲ ਖਾਸ ਧਿਆਨ ਦੇਵੇ ਤਾਂ ਜੋ ਧਰਤੀ ਹੇਠਲਾ ਪਾਣੀ ਦਾ ਘਟਦਾ ਪੱਧਰ ਬਚਾਇਆ ਜਾ ਸਕੇ। ਕਿਸਾਨਾਂ ਨੂੰ ਅੰਡਰ ਗਰਾਉਂਡ ਪਾਈਪਾਂ ਦੀ ਆਸਾਨ ਸਹੂਲਤ ਮੁਹੱਈਆ ਕਰਵਾਈ ਜਾਵੇ ਅਤੇ ਫੁਹਾਰਾ ਤਕਨੀਕ ਨਾਲ ਸਿੰਚਾਈ ਅਤੇ ਘੱਟ ਪਾਣੀ ਲੈਣ ਵਾਲੀਆਂ ਫਸਲਾਂ ਲਈ ਪ੍ਰੇਰਿਤ ਕੀਤਾ ਜਾਵੇ। ਪੰਜਾਬ 'ਚ ਸਮੇਂ ਦੀਆਂ ਸਰਕਾਰ ਵੱਲੋਂ ਮੋਟਰਾਂ ਨੂੰ ਦਿੱਤੀ ਜਾਣ ਵਾਲੀ ਬਿਜਲੀ ਸਬਸਿਡੀ ਕਰਕੇ ਵੀ ਧਰਤੀ ਹੇਠਲੇ ਪਾਣੀ 'ਚ ਕਾਫੀ ਫਰਕ ਪਿਆ ਹੈ ਕਿਉਂਕਿ ਬਿਜਲੀ ਮੁਫ਼ਤ ਹੋਣ ਕਰਕੇ ਕਿਸਾਨ ਸਿੰਚਾਈ ਲਈ ਜ਼ਿਆਦਾਤਰ ਮੋਟਰਾਂ ਦੀ ਵਰਤੋਂ ਕਰਦੇ ਹਨ। ਅੰਕੜਿਆਂ ਮੁਤਾਬਕ 31 ਮਾਰਚ 2022 ਤੱਕ ਪੰਜਾਬ 'ਚ 80 ਲੱਖ ਘਰੇਲੂ ਬਿਜਲੀ ਖਪਤਕਾਰ, 1150 ਕਮਰਸ਼ੀਅਲ ਖਪਤਕਾਰ, 1 ਲੱਖ 50 ਹਜ਼ਾਰ ਇੰਡਸਟਰੀ ਖਪਤਕਾਰ ਹਨ।



## ਪਟਿਆਲਾ ਵਾਸੀਆਂ ਲਈ ਖ਼ਤਰੇ ਦੀ ਘੰਟੀ, ਮੰਡਰਾਉਣ ਲੱਗਾ 'ਡਾਇਰੀਆ' ਦਾ ਵੱਡਾ ਖ਼ਤਰਾ



**ਪਟਿਆਲਾ, 16 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਪਟਿਆਲਾ ਜ਼ਿਲ੍ਹੇ ਵਿਚ ਡਾਇਰੀਆ ਦੇ ਮਰੀਜ਼ ਸਾਹਮਣੇ ਆਉਣ ਤੋਂ ਬਾਅਦ ਸਿਹਤ ਵਿਭਾਗ ਪਟਿਆਲਾ ਨੇ ਪਿੰਡ ਝਿੱਲ ਅਤੇ ਆਸ-ਪਾਸ ਦੇ ਇਲਾਕਿਆਂ ਅਮਨ ਬਾਗ, ਬਾਬਾ ਦੀਪ ਸਿੰਘ ਨਗਰ ਅਤੇ ਰਤਨ ਨਗਰ 'ਚ ਡਾਇਰੀਆ ਦੇ ਪ੍ਰਕੋਪ ਦੀ ਰਿਪੋਰਟ ਤੋਂ ਬਾਅਦ ਸਰਵੇ ਕੀਤਾ। ਪਾਣੀ ਦੇ ਨਮੂਨੇ ਲਏ ਗਏ ਅਤੇ ਓ. ਆਰ. ਐੱਸ. ਅਤੇ ਜ਼ਿੰਕ ਦੀਆਂ ਗੋਲੀਆਂ ਘਰ-ਘਰ ਵੰਡੀਆਂ ਗਈਆਂ। ਸਿਵਲ ਸਰਜਨ-ਕਮ-ਚੀਫ ਮੈਡੀਕਲ ਅਫਸਰ ਪਟਿਆਲਾ ਦੇ ਨਿਰਦੇਸ਼ਾਂ 'ਤੇ ਡਾ. ਸੰਜੇ ਗੋਇਲ, ਡਾ. ਸੁਮਿਤ ਸਿੰਘ ਜ਼ਿਲ੍ਹਾ ਐਪੀਡੀਮੋਲੋਜਿਸਟ ਪਟਿਆਲਾ ਅਤੇ ਡਾ. ਦਿਵਜੋਤ ਸਿੰਘ ਇੰਚਾਰਜ ਆਈ. ਡੀ. ਐੱਸ. ਪੀ. ਪਟਿਆਲਾ ਦੀ ਦੇਖ-ਰੇਖ ਹੇਠ ਸਰਵੇ ਅਤੇ ਸੈਂਪਲਿੰਗ ਗਤੀਵਿਧੀਆਂ ਕਰਵਾਈਆਂ ਗਈਆਂ। ਏਰੀਆ ਮੈਡੀਕਲ ਅਫਸਰ ਡਾ. ਗੁਰਚੰਦਨ ਦੀਪ ਸਿੰਘ ਵੀ ਆਪਣੇ ਸਟਾਫ ਸਮੇਤ ਹਾਜ਼ਰ ਸਨ, ਮਰੀਜ਼ਾਂ ਨਾਲ ਮੁਲਾਕਾਤ ਕੀਤੀ ਅਤੇ ਮੈਡੀਕਲ ਜਾਂਚ ਉਪਰੰਤ ਅਗਲੇਰੀ ਦੇਖਭਾਲ ਲਈ ਤੁਰੰਤ ਉੱਚ ਕੇਂਦਰਾਂ 'ਚ ਰੈਫਰ ਕੀਤਾ। ਪਾਤੜਾਂ ਵਿਚ ਪ੍ਰਦੂਸ਼ਿਤ ਪਾਣੀ-ਪੀਣ ਨਾਲ ਫੈਲੇ ਡਾਇਰੀਆ ਕਾਰਨ ਇਕ ਬਜ਼ੁਰਗ ਦੀ ਮੌਤ ਹੋ ਗਈ ਹੈ ਜਦ ਕਿ ਦਰਜਨ ਤੋਂ ਵੱਧ ਨਵੇਂ ਆਏ ਮਰੀਜ਼ਾਂ ਨੂੰ ਇਲਾਜ ਲਈ ਵੱਖ-ਵੱਖ ਹਸਪਤਾਲਾਂ ਵਿਚ ਦਾਖਲ ਕਰਵਾਇਆ ਗਿਆ ਹੈ। ਜਿਨ੍ਹਾਂ ਵਿਚੋਂ ਇਕ ਬੱਚੀ ਅਤੇ ਇਕ ਨੌਜਵਾਨ ਲੜਕੀ ਦੀ ਹਾਲਤ ਜ਼ਿਆਦਾ ਸੀਰੀਅਸ ਹੋਣ ਕਾਰਨ ਉਨ੍ਹਾਂ ਨੂੰ ਭਗਵਾਨ ਹੈੱਲਥ ਸੈਂਟਰ ਦੇ ਆਈ. ਸੀ. ਯੂ ਵਿਚ ਰੱਖਿਆ ਗਿਆ ਹੈ। ਹੁਣ ਤੱਕ ਲਗਭਗ 80 ਦੇ ਕਰੀਬ ਮਰੀਜ਼ ਡਾਇਰੀਆ ਦੀ ਲਪੇਟ ਵਿਚ ਆ ਚੁੱਕੇ ਹਨ। ਸੀਨੀਅਰ ਮੈਡੀਕਲ ਅਫਸਰ ਪਾਤੜਾਂ ਡਾ. ਲਵਕੇਸ਼ ਕੁਮਾਰ ਨੇ ਦੱਸਿਆ ਕਿ ਡਾਇਰੀਆ ਦੀ ਬਿਮਾਰੀ ਤੋਂ ਪੀੜਤ ਜ਼ਿਆਦਾਤਰ ਮਰੀਜ਼ 15 ਅਤੇ 16 ਵਾਰਡਾਂ ਦੇ ਹਨ। ਮਰੀਜ਼ਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਜਿਨ੍ਹਾਂ 'ਚੋਂ ਵਾਰਡ ਨੰਬਰ 15 ਦੇ ਗੁਰੂ ਤੇਗ ਬਹਾਦਰ ਨਗਰ ਵਾਸੀ ਬਜ਼ੁਰਗ ਜਸਵੰਤ ਸਿੰਘ ਦੀ ਦਸਤ ਅਤੇ ਉਲਟੀਆਂ ਲੱਗਣ ਕਾਰਨ ਮੌਤ ਹੋ ਗਈ ਹੈ।

# Nankana Sahib Yatra Committe Uk



## pakistan gurdwara yatra

6th november to 16th november 2024
yatra includes 25+ gurudwara sahib darshan .Accommodation in hotels and travel within pakistan and yatra start to finish point in AC coaches

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

Note: It does not include flight ticket and insurance, it has to be done by the passenger himself.

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

*-- ਗੁਰੂ ਪੰਥ ਦੇ ਸੇਵਾਦਾਰ --*

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

# ਦੁਸਹਿਰਾ ਅਤੇ ਅੰਤਿਮ ਅਰਦਾਸ



## ਸਵਰਗਵਾਸੀ ਭਾਈ ਹਰਜੀਤ ਸਿੰਘ ਰੋਡੇ

20ਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਅਤੇ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਵੱਡੇ ਭਰਾਤਾ ਭਾਈ ਹਰਜੀਤ ਸਿੰਘ (79) ਜੋ ਬੀਤੀ 11 ਜੁਲਾਈ ਨੂੰ ਪ੍ਰਮਾਤਮਾ ਵੱਲੋਂ ਦਿੱਤੀ ਸਵਾਸਾਂ ਦੀ ਪੂੰਜੀ ਭੋਗਦੇ ਹੋਏ ਅਕਾਲ ਚਲਾਣਾ ਕਰ ਗਏ ਸਨ, ਉਨ੍ਹਾਂ ਦੀ ਆਤਮਿਕ ਸ਼ਾਂਤੀ ਨਮਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਭੋਗ 20 ਜੁਲਾਈ ਦਿਨ ਸ਼ਨਿੱਚਰਵਾਰ ਨੂੰ ਗੁਰਦੁਆਰਾ 'ਸੰਤ ਖਾਲਸਾ' ਜਨਮ ਅਸਥਾਨ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਪਿੰਡ ਰੋਡੇ ਜ਼ਿਲ੍ਹਾ ਮੋਗਾ ਵਿਖੇ 12.00 ਵਜੇ ਪਾਏ ਜਾਣਗੇ। ਸ਼ਰਧਾਂਜਲੀ ਸਮਾਗਮ 3.00 ਵਜੇ ਤੱਕ ਚੱਲੇਗਾ। ਅਰਦਾਸ ਸਮਾਗਮ ਵਿੱਚ ਸ਼ਾਮਲ ਹੋਣ ਸਨਿਮਰ ਬੇਨਤੀ ਹੈ।

ਨੋਟ : ਗੁਰੂ ਕਾ ਲੰਗਰ ਅਤੁੱਟ ਵਰਤੇਗਾ ।

ਆਵਾਜ਼ਿ ਕੌਮ AWAZE QAUM International Newspaper & WEB TV

**ਸਤਿਗੁਰੂ ਦੇ ਭਾਣੇ ਵਿੱਚ :-**

ਕੈਪਟਨ ਹਰਚਰਨ ਸਿੰਘ ਰੋਡੇ (ਭਰਾਤਾ)
ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ (ਭਤੀਜਾ)
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਸੱਚਖੰਡ ਵਾਸੀ ਬਾਬਾ ਜੋਗਿੰਦਰ ਸਿੰਘ ਜੀ ਦਾ ਸਮੂਹ ਪਰਿਵਾਰ।
98140-13915, 94633-49265, 62802-85859

ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ
ਸਾਡੇ ਸਤਿਕਾਰਯੋਗ ਪਿਤਾ ਜੀ **ਸ. ਹਰਜੀਤ ਸਿੰਘ** (ਸਾਬਕਾ ਸਰਪੰਚ)
(ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੇ ਵੱਡੇ ਭਰਾਤਾ)



ਜੋ ਕਿ ਮਿਤੀ 11-7-2024 ਦਿਨ ਵੀਰਵਾਰ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ, ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ । ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ

# ਸ੍ਰੀ ਸਹਿਜ ਪਾਠ ਸਾਹਿਬ ਜੀ ਦਾ ਭੋਗ

ਮਿਤੀ 20-7-2024 ਦਿਨ ਸ਼ਨੀਵਾਰ ਨੂੰ 12-30 ਵਜੇ ਦੁਪਹਿਰ
ਗੁਰਦੁਆਰਾ ਸਾਹਿਬ ਜਨਮ ਅਸਥਾਨ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਪਿੰਡ ਰੋਡੇ (ਜਿਲ੍ਹਾ ਮੋਗਾ) ਵਿਖੇ ਪਵੇਗਾ
ਸੋ ਆਪ ਜੀ ਨੇ ਹੋ ਰਹੀ ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋਣ ਦੀ ਕ੍ਰਿਪਾਲਤਾ ਕਰਨੀ ।

ਗੁਰੂ ਦੇ ਭਾਣੇ ਅੰਦਿਰ:-

ਕੈਪਟਨ ਹਰਚਰਨ ਸਿੰਘ ਜੀ ਰੋਡੇ (ਭਰਾਤਾ)
ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ (ਭਤੀਜਾ)
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਹਿਬ ਸ੍ਰੀ ਅੰਮ੍ਰਿਤਸਰ
**ਸਮੂਹ ਬਾਬਾ ਪਰਿਵਾਰ**

M. 98140-13915, 94633-49265, 62802-85859

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 6 ਨਵੰਬਰ 2024 ਤੋਂ 16 ਨਵੰਬਰ 2024 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

**Note: It does not include flight ticket and insurance, it has to be done by the passenger himself.**

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ ।ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall

+447976210161

• ਭਾਈ ਬਲਜੀਤ ਸਿਘ ਕੰਗ/Bhai Baljit Singh Kang

+44 7780 605230

• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)

+44 7568 517223

Website : www.nsycuk.com

E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
07715 1-28621





KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।






**www.khalsaforge.com**







ਦੋਸਤੋ, ਮੇਰੇ ਫਰੀਦਕੋਟ ਜ਼ਿਲ੍ਹੇ ਦੇ ਕਸਬਾ ਸਾਦਿਕ ਨੇੜੇ ਪਿੰਡ ਮਾਨੀ ਸਿੰਘ ਵਾਲਾ ਦੀ ਨਿਵਾਸੀ ਧੀ ਗੁਨੀਤ ਕੌਰ ਪੁੱਤਰੀ ਲਖਵਿੰਦਰ ਸਿੰਘ ਬਰਾੜ ਗੋਰਾ ਨੂੰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਗੁਨੀਤ ਕੌਰ ਸਾਊਥ ਏਸ਼ੀਆਈ ਖੇਡਾਂ ਚ ਭਾਰਤ ਦੀ ਨੁਮਾਇੰਦਗੀ ਮਿਲਣ ਤੇ ਸਨਮਾਨਤ ਕੀਤਾ ਗਿਆ ਜਿਲਾ ਫਰੀਦਕੋਟ ਦਾ ਨਾਮ ਵਿਸ਼ਵ ਵਿਚ ਰੋਸ਼ਨ ਕਰਨ ਵਿਚ ਕਾਮਯਾਬ ਹੋਇਆ ਅਤੇ ਪੰਜਾਬ ਦਾ ਮਾਣ ਵਧਾਇਆ। ਮੇਰੇ ਵੱਲੋਂ ਸਮੂਹ ਮਾਨੀ ਸਿੰਘ ਵਾਲੇ ਦੇ ਬਰਾੜ ਪਰਿਵਾਰ ਨੂੰ ਵਧਾਈਆ ਅਤੇ ਖੁਸ਼ੀ ਮਹਿਸੂਸ ਕਰਦਾ ਪੰਜਾਬ ਦੀ ਜਵਾਨੀ ਖੇਡ ਖੇਤਰ ਵਿਚ ਮੱਲਾਂ ਮਾਰ ਰਹੀ ਹੈ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

ਆਵਾਜ਼ਿ ਕੌਮ AWAZE QAUM International Newspaper & WEB TV

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥

# ਅੰਤਿਮ ਅਰਦਾਸ 'ਤੇ ਸ਼ਰਧਾਂਜਲੀ ਸਮਾਗਮ



ਸਾਡੇ ਸਤਿਕਾਰਯੋਗ ਪਿਤਾ ਜੀ ਦਲ ਖਾਲਸਾ ਦੇ ਬਾਨੀ 'ਤੇ
"ਖਾਲਿਸਤਾਨ ਜਲਾਵਤਨ ਸਿੱਖ ਯੋਧਾ"

## ਭਾਈ ਗਜਿੰਦਰ ਸਿੰਘ ਜੀ

ਆਪਣੀ ਸਵਾਸਾਂ ਦੀ ਪੂੰਜੀ ਪੂਰੀ ਕਰਦਿਆਂ ਹੋਇਆ ਲਾਹੌਰ ਵਿਖੇ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਆਰੰਭ

## ਸ਼੍ਰੀ ਸਹਿਜ ਪਾਠ ਸਾਹਿਬ ਦੇ ਭੋਗ

**21 ਜੁਲਾਈ 2024, ਸਵੇਰੇ 11:00 ਵਜੇ**

ਰਾਮਗੜ੍ਹੀਆ ਸਿੱਖ ਗੁਰਦੁਆਰਾ, ਵੁੱਡਲੈਂਡ ਐਵਨਿਊ, ਸਲੋਹ SL1 3BU ਵਿਖੇ ਪੈਣਗੇ ਉਪਰੰਤ ਅੰਤਿਮ ਅਰਦਾਸ, ਕੀਰਤਨ ਅਤੇ ਸ਼ਰਧਾਂਜਲੀ ਸਮਾਗਮ ਹੋਵੇਗਾ। ਆਪ ਜੀ ਨੂੰ ਅੰਤਿਮ ਅਰਦਾਸ ਸਮਾਗਮ ਵਿੱਚ ਸ਼ਾਮਲ ਹੋਣ ਦੀ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ।

### ਗੁਰੂ ਦੇ ਭਾਣੇ ਵਿੱਚ

ਬੀਬਾ ਬਿਕਰਮਜੀਤ ਕੌਰ (ਪੁੱਤਰੀ)
ਸ ਗੁਰਪ੍ਰੀਤ ਸਿੰਘ ( ਜਵਾਈ)

ਸ ਮੰਗਲ ਸਿੰਘ (ਕੁੜਮ)
ਬੀਬੀ ਰਣਜੀਤ ਕੌਰ ( ਕੁੜਮਣੀ)

ਆਵਾਜ਼ਿ ਕੌਮ
AWAZE QAUM
International Newspaper & WEB TV

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥

*In loving memory of our beloved father*



# SARDAR GAJINDER SINGH

Founder of Dal Khalsa
Akaal Takhat Honour - Jalawatan Sikh Yodha

**PLEASE JOIN US ON SUNDAY 21ST JULY 2024**

Antim Ardaas & Sehaj Paath Bhog at **11am**
followed by Kirtan, Speeches and Guru Ka Langar

**Ramgharia Sikh Gurdwara Slough**
**Woodland Avenue, SL1 3BU**

ਆਵਾਜ਼ਿ ਕੌਮ AWAZE QAUM International Newspaper & WEB TV

Bikramjit Kaur (daughter), Gurpreet Singh (son in law)
Mangal Singh, Ranjit Kaur & Family

**PLEASE WEAR KESRI DUMALLE/CHUNNIS**

ਸਾਵਣ ਮਹੀਨੇ ਨੂੰ ਸਮਰਪਿਤ ਗੁਰਦੁਆਰਾ ਸੰਤ ਖਾਲਸਾ ਪਿੰਡ ਰੋਡੇ ਜਨਮ ਅਸਥਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮਹਾਂਪੁਰਖਾਂ ਦੇ ਨਗਰ ਵਿਖੇ

# ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਕੀਰਤਨ ਸਮਾਗਮ ਹੋਏ

## ਗੁਰਦੁਆਰਾ ਸਾਹਿਬ ਦੇ ਵਿਦਿਆਰਥੀ ਭਾਈ ਅਵਤਾਰ ਸਿੰਘ ਜੀ ਪਾਸੋਂ ਕਥਾ ਵਿਚਾਰਾਂ ਨਾਲ ਨਿਹਾਲ ਕੀਤਾ ਗਿਆ




















ਮੋਗਾ, 16 ਜੁਲਾਈ (ਗੁਰਪ੍ਰੀਤ ਸਿੰਘ)-ਗੁਰਦੁਆਰਾ ਸੰਤ ਖਾਲਸਾ ਪਿੰਡ ਰੋਡੇ ਜਨਮ ਅਸਥਾਨ ਵਿਖੇ ਸਾਵਣ ਮਹੀਨੇ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਅਰਦਾਸ ਬੇਨਤੀ ਕੀਤੀ ਗਈ। ਗੁਰੂ ਘਰ ਦੇ ਕੀਰਤਨੀ ਜੱਥੇ ਵੱਲੋਂ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਅਤੇ ਗੁਰਦੁਆਰਾ ਸਾਹਿਬ ਦੇ ਵਿਦਿਆਰਥੀ ਭਾਈ ਅਵਤਾਰ ਸਿੰਘ ਜੀ ਪਾਸੋਂ ਕਥਾ ਵਿਚਾਰਾਂ ਨਾਲ ਨਿਹਾਲ ਕੀਤਾ ਗਿਆ। ਇਸ ਮੌਕੇ ਸ਼ਹੀਦ ਭਾਈ ਨਿਰਮਲ ਸਿੰਘ ਦੇ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਕੀਤੀ ਗਈ, ਅਤੇ ਗੁਰੂ ਘਰ ਵੱਲੋਂ ਉਹਨਾਂ ਨੂੰ ਸਿਰੋਪਾਓ ਦੇਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮੂਹ ਸੰਗਤਾਂ ਨੇ ਹਾਜ਼ਰੀ ਭਰ ਕੇ ਤਨ ਮਨ ਧਨ ਨਾਲ ਸੇਵਾ ਨਿਭਾਈ। ਸਮਾਪਤੀ ਉਪਰੰਤ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ।



ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਸੰਤ ਭਿੰਡਰਾਂਵਾਲਿਆਂ ਦੇ ਨਜ਼ਦੀਕੀ ਸਾਥੀ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੁੱਖ ਸਲਾਹਕਾਰ ਰਹੇ

# ਡਾਕਟਰ ਭਗਵਾਨ ਸਿੰਘ ਤੇ ਉਹਨਾਂ ਦੇ ਸਾਥੀਆਂ ਵਲੋਂ ਜਥੇਦਾਰ ਅਕਾਲ ਤਖ਼ਤ ਸਾਹਿਬ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੂੰ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਦਿੱਤਾ ਗਿਆ

ਦੇਗ ਤੇਗ ਫਤਿਹ॥ ੧ਓ ਸਤਿਗੁਰ ਪ੍ਰਸਾਦਿ॥ ਅਕਾਲ ਸਹਾਇ॥ ਪੰਥ ਕੀ ਜੀਤ॥

ਆਵਾਜ਼ਿ ਕੌਮ AWAZE QAUM International Newspaper & WEB TV

ਸੇਵਾ ਵਿੱਚ,
ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ,
ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ,
ਅੰਮ੍ਰਿਤਸਰ।

ਵਿਸ਼ਾ - ਸਿੱਖ ਪੰਥ ਦੀ ਮਹਾਨ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੀਆਂ ਪ੍ਰੰਪਰਾਵਾਂ ਨੂੰ ਬਚਾਉਣ ਲਈ ਅਖੌਤੀ ਅਕਾਲੀਆਂ ਬਾਰੇ ਚਾਰਜਸ਼ੀਟ।

ਮਾਣਯੋਗ ਸਿੰਘ ਸਾਹਿਬ ਜੀਓ।
ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ ॥

ਸ਼੍ਰੋਮਣੀ ਅਕਾਲੀ ਦਲ ਸਿੱਖ ਪੰਥ ਦੀ ਉਹ ਜਥੇਬੰਦੀ ਹੈ ਜੋ ਗੁਰਦੁਆਰਾ ਸੁਧਾਰ ਲਹਿਰ ਦੇ ਵੱਡੇ ਸੰਘਰਸ਼ ਵਿੱਚੋਂ ਨਿਕਲੀ। ਜਿਸ ਨੂੰ ਗੁਰਦੁਆਰਾ ਸੁਧਾਰ ਲਹਿਰ ਦੇ ਪਹਿਲੇ ਸ਼ਹੀਦ ਭਾਈ ਹਜਾਰਾ ਸਿੰਘ ਦੀਨਪੁਰ ਤੋਂ ਲੈ ਕੇ ਸਾਕਾ ਨਨਕਾਣਾ ਸਾਹਿਬ ਅਤੇ ਜੈਤੋ ਦੇ ਮੋਰਚੇ ਦੇ ਸ਼ਹੀਦਾਂ ਨੇ ਆਪਣੇ ਖੂਨ ਨਾਲ ਸਿੰਜ ਕੇ ਪ੍ਰਵਾਨ ਚੜ੍ਹਾਇਆ। ਇਸ ਜਥੇਬੰਦੀ ਨੇ ਆਪਣੇ ਜਨਮ ਤੋਂ ਹੀ ਮੋਰਚਿਆਂ ਦਾ ਅਜਿਹਾ ਇਤਿਹਾਸ ਸਿਰਜਿਆ ਜਿਸ ਨਾਲ ਸੰਘਰਸ਼ਸ਼ੀਲ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਤਰਜਮਾਨੀ ਹੁੰਦੀ ਰਹੀ। ਇਸ ਸੰਗਠਿਤ ਸੰਘਰਸ਼ ਦਾ ਹੀ ਨਤੀਜਾ ਸੀ ਕਿ ਸ੍ਰੀ ਅਕਾਲ ਤਖ਼ਤ ਸਹਿਬ ਦੀ ਸੇਵਾ ਪੰਥ ਦੇ ਹੱਥ ਆਈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬਣਤਰ ਬਣੀ, ਗੁਰਦੁਆਰਿਆਂ ਨੂੰ ਭ੍ਰਿਸ਼ਟ ਮਹੰਤਾਂ ਤੋਂ ਅਜ਼ਾਦ ਕਰਵਾਇਆ ਗਿਆ ਅਤੇ ਸਾਰੀ ਕੌਮ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਿੱਚ ਇੱਕਮੁੱਠ ਹੋਈ। ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਣ ਤੋਂ ਬਾਅਦ ਕੌਮ ਨੇ ਇਸੇ ਜਥੇਬੰਦੀ ਦੀ ਅਗਵਾਈ ਹੇਠ ਦੇਸ਼ ਦੀ ਅਜਾਦੀ ਦੀ ਲੜਾਈ ਲੜੀ ਅਤੇ ਅਜਾਦ ਭਾਰਤ ਵਿੱਚ ਪੰਜਾਬੀ ਸੂਬੇ ਲਈ ਅਥਾਹ ਕੁਰਬਾਨੀਆਂ ਕੀਤੀਆਂ। ਭਾਵੇਂ ਕਿ ਉਸ ਵੇਲੇ ਦੇ ਲੀਡਰਾਂ ਵਿੱਚ ਸਿਆਸੀ ਸੂਝ ਦੀ ਕਮੀ ਹੋਣ ਕਾਰਨ ਕੋਈ ਵੱਡੀ ਰਾਜਸੀ ਪ੍ਰਾਪਤੀ ਨਹੀਂ ਹੋ ਸਕੀ। ਪਰ ਫਿਰ ਵੀ ਕੌਮ ਅਕਾਲੀ ਲੀਡਰਾਂ ਦੀ ਅਗਵਾਈ ਵਿੱਚ ਭਰੋਸਾ ਵਿਖਾਉਂਦੀ ਰਹੀ, ਕਿਉਂਕਿ ਉਸ ਵੇਲੇ ਦੇ ਲੀਡਰ ਬਾਣੀ-ਬਾਣੇ ਵਾਲੇ, ਗੁਰਮਤਿ ਦੇ ਧਾਰਨੀ ਅਤੇ ਕੌਮ ਪ੍ਰਤੀ ਦਰਦ ਰੱਖਣ ਵਾਲੇ ਵਫਾਦਾਰ ਸਿੱਖ ਸਨ। ਜੇ ਹਮੇਸ਼ਾਂ ਆਪਣੇ ਲੋਕਾਂ ਵਿੱਚ ਵਿਚਰਦੇ ਅਤੇ ਉਹਨਾਂ ਦੇ ਨਾਲ ਖੜ੍ਹਦੇ ਸਨ। ਪਰ ਜਦੋਂ ਇਹਨਾਂ ਨੇ ਗੁਰਮਤਿ ਨੂੰ ਤਿਲਾਂਜਲੀ ਦੇ ਕੇ ਮਾਡਰਨ ਜੀਵਨਸ਼ੈਲੀ ਅਪਣਾ ਲਈ, ਲੋਕਾਂ ਤੋਂ ਦੂਰੀ ਬਣਾਈ ਅਤੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਤੋਂ ਦਫਤਰ ਬਦਲ ਕੇ ਚੰਡੀਗੜ੍ਹ ਲੈ ਆਂਦਾ, ਉਦੋਂ ਤੋਂ ਇਹਨਾਂ ਦੇ ਅਕਾਲੀ ਕਿਰਦਾਰ ਵਿੱਚ ਨਿਘਾਰ ਆਉਣਾ ਸ਼ੁਰੂ ਹੋ ਗਿਆ, ਜੋ ਅੱਜ ਤੱਕ ਪੂਰੀ ਤਰਾਂ ਨਿੱਘਰ ਚੁੱਕਿਆ ਹੈ। ਗੁਰਮਤਿ ਤੋਂ ਬਾਗੀ ਅਤੇ ਆਪਣੀ ਕੌਮ ਤੋਂ ਦੂਰ ਹੋ ਚੁੱਕੇ, ਸਰਕਾਰ-ਪ੍ਰਸਤੀਆਂ ਮਾਨਣ ਵਾਲੇ ਇਹਨਾਂ ਨਿੱਘਰ ਚੁੱਕੇ 'ਕਾਲੀਆਂ' ਦੇ ਘਿਨਾਉਣੇ ਜੁਰਮਾਂ ਦੀ ਦਾਸਤਾਨ ਅਸੀਂ ਹੇਠਾਂ ਬਿਆਨ ਕਰਨ ਜਾ ਰਹੇ ਹਾਂ ਜਿਸ ਨੂੰ ਸੰਗਤ ਦੀ ਅਵਾਜ ਸਮਝਕੇ ਇਸ ਦਾ ਨੋਟਿਸ ਲੈਣ ਦੀ ਆਪ ਜੀ ਨੂੰ ਪੁਰਜੋਰ ਅਪੀਲ ਕਰਦੇ ਹਾਂ।

ਸਭ ਤੋਂ ਪਹਿਲਾਂ ਅਸੀਂ ਆਪ ਜੀ ਦਾ ਧਿਆਨ ਇਤਿਹਾਸ ਦੀ ਉਸ ਭਿਆਨਕ ਘਟਨਾ ਵੱਲ ਦਿਵਾਉਂਦੇ ਹਾਂ ਜੋ 1977 ਵਿੱਚ 58 ਸੀਟਾਂ ਜਿੱਤ ਕੇ ਬਣੀ ਅਕਾਲੀ ਸਰਕਾਰ ਦੇ ਰਾਜ ਵਿੱਚ ਵਾਪਰੀ ਅਤੇ ਜਿਸ ਸਰਕਾਰ ਦਾ ਮੁਖੀ ਪ੍ਰਕਾਸ਼ ਸਿੰਘ ਬਾਦਲ ਸੀ। ਉਹ ਘਟਨਾ ਇਸ ਤਰਾਂ ਹੈ ਕਿ ਸਰਕਾਰੀ ਸ਼ਹਿ ਤੇ ਉਭਰੇ ਨਕਲੀ ਨਿਰੰਕਾਰੀ ਮਿਸ਼ਨ ਨਾਲ ਸਿੱਖ ਕੌਮ ਦਾ ਟਕਰਾ ਸੱਤਰਵਿਆਂ ਦੇ ਸ਼ੁਰੂ ਵਿੱਚ ਹੀ ਹੋਣ ਲੱਗ ਪਿਆ ਸੀ ਜਦੋਂ ਉਹਨਾਂ ਨੇ ਸਿੱਖ ਧਰਮ ਦੀਆਂ ਰਵਾਇਤਾਂ ਅਤੇ ਮਰਿਆਦਾ ਦੀ ਖਿੱਲੀ ਉਡਾਈ। ਪਰ ਅਕਾਲੀ ਸਰਕਾਰ ਦੇ ਮੁਖੀ ਪ੍ਰਕਾਸ਼ ਸਿੰਘ ਬਾਦਲ ਨੇ ਉਹਨਾਂ ਨੂੰ ਇਹ ਤਮਾਸ਼ਾ ਪੰਜਾਬ ਵਿੱਚ ਕਰਨ ਦੀ ਇਜਾਜਤ ਦੇ ਦਿੱਤੀ। ਜਿਸ ਕਰਕੇ ਨਕਲੀ ਨਿਰੰਕਾਰੀ ਮਿਸ਼ਨ ਨੇ ਖਾਲਸੇ ਦੇ ਜਨਮ ਦਿਹਾੜੇ ਵਿਸਾਖੀ 1978 ਨੂੰ ਆਪਣਾ ਪ੍ਰੋਗਰਾਮ ਅੰਮ੍ਰਿਤਸਰ ਵਿੱਚ ਰੱਖ ਲਿਆ। ਅਕਾਲੀ ਸਰਕਾਰ ਦਾ ਮੁਖੀ ਜਾਣਦਾ ਸੀ ਕਿ ਇਹ ਸਿੱਖਾਂ ਦੇ ਜਖਮਾਂ ਉਤੇ ਨਮਕ ਛਿੜਕਣ ਵਾਂਗ ਹੈ। ਫਿਰ ਵੀ ਉਸ ਨੇ ਅਜਿਹਾ ਕੀਤਾ। ਨਿਰੰਕਾਰੀ ਮੁਖੀ ਦੇ ਇਸ ਕੁਸੱਤਸੰਗ ਨੂੰ ਰੋਕਣ ਗਏ ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥੇ ਦੇ ਤੇਰਾਂ ਸਿੰਘ ਸ਼ਹੀਦ ਅਤੇ ਅਠੱਤਰ ਜਖਮੀ ਹੋ ਗਏ। ਮਾਲ ਮੰਤਰੀ ਜੀਵਨ ਸਿੰਘ ਉਮਰਾਨੰਗਲ ਨੇ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਉਹ ਨਿਰੰਕਾਰੀ ਸਮਾਗਮ ਨਹੀਂ ਰੋਕ ਸਕਦਾ। ਇਹ ਸਮਾਗਮ ਸਿਰਫ ਮੁੱਖ ਮੰਤਰੀ ਹੀ ਰੋਕ ਸਕਦਾ ਹੈ ਜੋ ਵਿਸਾਖੀ ਪ੍ਰੋਗਰਾਮ ਤੇ ਬੰਬਈ ਗਿਆ ਹੋਇਆ ਹੈ। ਜਦਕਿ ਟ੍ਰਿਬਿਊਨ ਅਖ਼ਬਾਰ ਦੇ ਰਿਪੋਰਟਰ ਸ ਦਲਬੀਰ ਸਿੰਘ ਨੇ ਆਪਣੀ ਕਿਤਾਬ ਵਿੱਚ ਦਾਅਵਾ ਕੀਤਾ ਹੈ ਕਿ ਉਹ ਇਸ ਗੋਲੀਕਾਂਡ ਤੋਂ ਬਾਦ, ਦੁਪਹਿਰ ਵੇਲੇ ਮੁੱਖ ਮੰਤਰੀ ਨੂੰ ਸਰਕਟ ਹਾਊਸ ਵਿੱਚ ਮਿਲਿਆ ਸੀ। ਨਿਰੰਕਾਰੀ ਮੁਖੀ ਨੂੰ ਉਸ ਵੇਲੇ ਗਿਰਫਤਾਰ ਤਾਂ ਕੀ ਕਰਨਾ ਸੀ, ਸਗੋਂ ਇੰਸਪੈਕਟਰ ਸ ਅਨੂਪ ਸਿੰਘ ਮਿਨਹਾਸ ਨੇ ਰਿਟਾਇਰਮੈਂਟ ਤੋਂ ਬਾਦ ਦਾਅਵਾ ਕੀਤਾ ਸੀ ਕਿ ਘਟਨਾ ਤੋਂ ਬਾਦ ਨਿਰੰਕਾਰੀ ਮੁਖੀ ਨੂੰ ਬਾਦਲ ਖੁਦ ਆਪਣੀ ਗੱਡੀ ਵਿੱਚ ਬਿਠਾ ਕੇ ਪੰਜਾਬ ਤੋਂ ਬਾਹਰ ਛੱਡ ਕੇ ਆਇਆ ਸੀ। ਇਸ ਗੋਲੀਕਾਂਡ ਵਿੱਚ ਸ਼ਹੀਦ ਹੋਏ ਸਿੰਘਾਂ ਦੇ ਅੰਤਿਮ ਸੰਸਕਾਰ ਵੇਲੇ ਇਕੱਠੇ ਹੋਏ ਲੋਕਾਂ ਉਤੇ ਅਕਾਲੀ ਸਰਕਾਰ ਦੀ ਪੁਲੀਸ ਨੇ ਗੋਲੀਆਂ ਚਲਾ ਕੇ ਦੋ ਹੋਰ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ। ਪੰਜਾਬ ਸਰਕਾਰ ਨਿਰੰਕਾਰੀਆਂ ਦੇ ਖਿਲਾਫ ਕੇਸ ਮਜਬੂਤੀ ਨਾਲ ਨਾ ਲੜ ਸਕੀ। ਕੁਝ ਵਾਇਦਾਮਾਫ ਗਵਾਹਾਂ ਦੇ ਬਾਵਜੂਦ ਅਕਾਲੀ ਕੈਬਨਿਟ ਮੰਤਰੀ ਜੀਵਨ ਸਿੰਘ ਉਮਰਾਨੰਗਲ ਦੀ ਨਿਰੰਕਾਰੀਆਂ ਦੇ ਹੱਕ ਵਿੱਚ ਦਿਤੀ ਗਵਾਹੀ ਨਾਲ ਸਾਰੇ ਮੁਲਜ਼ਮ ਬਰੀ ਹੋ ਗਏ। ਇਸ ਫੈਸਲੇ ਬਾਰੇ ਸ ਜੋਗਿੰਦਰ ਸਿੰਘ ਤਲਵਾੜਾ, ਜੋ ਇਸ ਕੇਸ ਦੀ ਪੈਰਵਾਈ ਕਰਦੇ ਰਹੇ ਸਨ, ਨੇ ਫਤਿਹਗੜ੍ਹ ਸਾਹਿਬ ਵਿੱਚ ਬਾਦਲ ਨੂੰ ਮਿਲ ਕੇ ਇਸ ਬਾਰੇ ਦੱਸਿਆ। ਬਾਦਲ ਸਾਹਿਬ ਨੇ ਉਹਨਾਂ ਤੋਂ ਫਾਇਲ ਲੈ ਲਈ ਕਿ ਉਹ ਅੱਗੇ ਅਪੀਲ ਕਰਨਗੇ। ਪਰ ਅਕਾਲੀ ਸਰਕਾਰ ਨੇ ਉਸ ਦੇ ਖਿਲਾਫ ਹਾਈਕੋਰਟ ਵਿੱਚ ਅਪੀਲ ਤੱਕ ਦਾਇਰ ਨਾ ਕੀਤੀ। ਉਲਟਾ ਪੰਜਾਬ ਵਿੱਚ ਜਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਿਰੰਕਾਰੀ ਭਵਨ ਬੰਦ ਕਰਾ ਰਹੇ ਸੀ ਤਾਂ ਅਕਾਲੀ ਸਰਕਾਰ ਉਹਨਾਂ ਭਵਨਾਂ ਦੀ ਹਿਫਾਜ਼ਤ ਕਰਦੀ ਰਹੀ। ਇਹ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਸਰਾਸਰ ਉਲੰਘਣਾ ਸੀ। ਜਿਸ ਦਾ ਕਦੇ ਨੋਟਿਸ ਨਾ ਲਿਆ ਗਿਆ।

ਨਿਰੰਕਾਰੀਆਂ ਵੱਲੋਂ ਪੰਜਾਬ ਪੁਲੀਸ ਨਾਲ ਮਿਲ ਕੇ ਕੀਤੇ ਇਸ ਕਤਲ ਕਾਂਡ ਤੋਂ ਬਾਅਦ ਟਕਰਾ ਦਾ ਭਿਆਨਕ ਦੌਰ ਸ਼ੁਰੂ ਹੋਇਆ। ਨਿਰੰਕਾਰੀਆਂ ਦੇ ਕਤਲ ਹੋਏ ਅਤੇ ਸਿੱਖਾਂ ਨੂੰ ਸਰਕਾਰੀ ਤਸ਼ੱਦਦ ਦਾ ਸ਼ਿਕਾਰ ਬਣਨਾ ਪਿਆ। ਪਰ ਇਸ ਤਸ਼ੱਦਦ ਦੇ ਦੌਰ ਵਿੱਚ ਹੀ ਕੌਮ ਨੇ ਆਰ-ਪਾਰ ਦੀ ਲੜਾਈ ਵਿੱਢ ਲਈ ਜਿਸ ਨੂੰ ਧਰਮ ਯੁੱਧ ਮੋਰਚੇ ਦਾ ਨਾਂ ਦਿੱਤਾ ਗਿਆ। ਇਸ ਮੋਰਚੇ ਦੌਰਾਨ ਸੈਂਕੜੇ ਸ਼ਹੀਦੀਆਂ ਹੋਈਆਂ ਤੇ ਲੱਖਾਂ ਲੋਕ ਜੇਲ ਗਏ। ਇਸ ਸਮੇ ਦੌਰਾਨ ਜੋ ਸਰਕਾਰੀ ਕਹਿਰ ਸਿੱਖਾਂ ਉੱਤੇ ਝੁੱਲਿਆ, ਉਸ ਦੀ ਸਿਖਰ ਸੀ ਜੂਨ ਚੁਰਾਸੀ ਦਾ ਘੱਲੂਘਾਰਾ। ਇਸ ਘੱਲੂਘਾਰੇ ਨੂੰ ਵਰਤਾਉਣ ਵਾਲੀ ਭਾਰਤੀ ਹਕੂਮਤ ਨਾਲ ਸਾਜਿਸ਼ ਵਿੱਚ ਸ਼ਾਮਿਲ ਇਹਨਾਂ ਅਕਾਲੀ ਲੀਡਰਾਂ ਵਿੱਚ ਸ ਪ੍ਰਕਾਸ਼ ਸਿੰਘ ਬਾਦਲ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਨਾਂ ਵੀ ਆਉਂਦਾ ਹੈ ਜਿਸ ਬਾਰੇ ਇੰਦਰਾ ਗਾਂਧੀ ਦੇ ਸਹਾਇਕ ਆਰ ਕੇ ਧਵਨ ਨੂੰ ਸੰਤ ਲੌਂਗੋਵਾਲ ਵੱਲੋਂ 25 ਅਪ੍ਰੈਲ 1984 ਨੂੰ ਲਿਖੀ ਚਿੱਠੀ ਇੰਟਰਨੈੱਟ 'ਤੇ ਮੌਜੂਦ ਹੈ। ਇਸ ਸੰਗੀਨ ਆਰੋਪ ਬਾਰੇ ਪੰਥ ਦੀ ਇਸ ਸੁਪਰੀਮ ਅਦਾਲਤ ਦੇ ਕਿਸੇ ਵੀ ਸੇਵਾਦਾਰ ਨੇ ਕੋਈ ਜਾਂਚ ਨਹੀਂ ਕਰਵਾਈ। ਸ਼ਾਇਦ ਸਾਹਿਬ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਹ ਸੇਵਾ ਤੁਹਾਥੋਂ ਲੈਣੀ ਹੋਵੇ।

ਘੱਲੂਘਾਰੇ ਤੋਂ ਬਾਦ 10 ਜੂਨ ਨੂੰ ਪ੍ਰਕਾਸ਼ ਸਿੰਘ ਬਾਦਲ ਨੇ ਸ ਸੁਰਜੀਤ ਸਿੰਘ ਬਰਨਾਲਾ ਨਾਲ ਚੰਡੀਗੜ੍ਹ ਵਿੱਚ ਪ੍ਰੈਸ ਕਾਨਫਰੰਸ ਕਰਕੇ ਕਿਹਾ ਕਿ ਸਿੱਖ ਸਰਕਾਰ ਦੇ ਖਿਲਾਫ ਲੜਾਈ ਵਿੱਚ ਹਨ ਇਸ ਲਈ ਸਭ ਸਰਕਾਰੀ ਅਧਿਕਾਰੀਆਂ ਨੂੰ ਆਪਣੇ ਅਹੁਦੇ ਤਿਆਗ ਦੇਣੇ ਚਾਹੀਦੇ ਹਨ। ਜਦ ਉਹਨਾਂ ਦੀ ਗੱਲ ਮੰਨਕੇ ਭਾਰੀ ਗਿਣਤੀ ਵਿੱਚ ਸਿੱਖ ਫੌਜੀਆਂ ਨੇ ਬਗਾਵਤ ਕਰ ਦਿੱਤੀ ਤਾਂ ਬਾਦ ਵਿੱਚ ਲੰਮਾ ਸਮਾਂ ਰਾਜਭਾਗ ਮਾਨਣ ਦੇ ਬਾਵਜੂਦ ਉਹਨਾਂ ਦੀ ਬਾਂਹ ਨਾ ਫੜੀ ਅਤੇ ਉਹ ਅੱਜ ਚਾਲੀ ਸਾਲ ਬਾਦ ਵੀ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹਨ। ਘੱਲੂਘਾਰੇ ਤੋਂ ਬਾਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਦਿੱਲੀ ਦੀ ਹਕੂਮਤ ਨਾਲ ਲਿਖਤੀ ਸਮਝੌਤਾ ਕਰ ਲਿਆ। ਜਿਸ ਵਿੱਚ ਅਕਾਲੀ ਦਲ ਵੱਲੋਂ ਪੇਸ਼ ਕੀਤੀਆਂ ਛਿਆਲੀ ਮੰਗਾਂ ਦਾ ਕੋਈ ਜਿਕਰ ਤੱਕ ਨਹੀਂ ਸੀ ਅਤੇ ਨਾਂ ਹੀ ਅਨੰਦਪੁਰ ਸਾਹਿਬ ਦੇ ਮਤੇ ਦੀ ਕੋਈ ਮੰਗ ਸੀ। ਨਾ ਹੀ ਬੰਦੀ ਬਣਾਏ ਸਿੰਘਾਂ ਨੂੰ ਰਿਹਾ ਕਰਵਾਇਆ ਗਿਆ। ਸ ਬਾਦਲ ਅਤੇ ਟੌਹੜਾ ਨੇ ਆਪਣੇ ਆਪ ਨੂੰ ਸਮਝੌਤੇ ਤੋਂ ਵੱਖ ਰੱਖਿਆ ਪਰ ਇਸ ਗੱਲ ਦਾ ਜਰਾ ਵੀ ਵਿਰੋਧ ਨਾ ਕੀਤਾ ਕਿ ਜਿੰਨਾ ਮੰਗਾਂ ਲਈ ਧਰਮ ਯੁੱਧ ਮੋਰਚਾ ਲਾਇਆ ਸੀ ਉਹ ਕਿਉਂ ਨਹੀਂ ਮਨਵਾਈਆਂ। ਉਲਟਾ ਸਮਝੌਤੇ ਤੋਂ ਬਾਦ ਬਣਨ ਵਾਲੀ ਸਰਕਾਰ ਵਿੱਚ ਸ਼ਾਮਲ ਹੋ ਗਏ। ਜਨਵਰੀ 1986 ਵਿੱਚ ਇਸ ਅਕਾਲੀ ਸਰਕਾਰ ਦਾ ਮੰਤਰੀ ਪ੍ਰੇਮ ਸਿੰਘ ਚੰਦੂਮਾਜਰਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੇ ਪੁੱਤਰ ਗਗਨਦੀਪ ਸਿੰਘ ਨਾਲ ਹਮਲਾਵਰ ਹੋ ਕੇ ਦਰਬਾਰ ਸਾਹਿਬ ਅੰਮ੍ਰਿਤਸਰ ਆਇਆ। ਇਹ ਉਹੀ ਪ੍ਰੇਮ ਸਿੰਘ ਚੰਦੂਮਾਜਰਾ ਹੈ ਜਿਸ ਨੂੰ 1983 ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਕਾਮਰੇਡ ਜਥੇਬੰਦੀ ਵਿੱਚੋਂ ਲਿਆ ਕੇ ਪੰਥਕ ਸਿਆਸਤ ਦੀ ਨਰਸਰੀ ਕਹਾਉਣ ਵਾਲੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੁਕਾਬਲੇ 'ਤੇ ਆਪਣਾ ਯੂਥ ਵਿੰਗ ਖੜ੍ਹਾ ਕਰਕੇ ਉਸਦਾ ਪ੍ਰਧਾਨ ਬਣਾਇਆ। ਚੰਦੂਮਾਜਰੇ ਅਤੇ ਗਗਨਦੀਪ ਸਿੰਘ ਨੇ ਗੁੰਡਿਆਂ ਨਾਲ ਬੂਟਾਂ ਸਮੇਤ ਬੁੰਗੇ 'ਤੇ ਗੋਲੀਆਂ ਚਲਾ ਕੇ ਸਰਬੱਤ ਖਾਲਸਾ ਲਈ ਰੱਖੇ ਅਖੰਡ ਪਾਠ ਭੰਗ ਕਰਨ ਦੀ ਕੋਸ਼ਿਸ਼ ਕੀਤੀ। ਇਸ ਗੱਲ ਦਾ ਕਿਸੇ ਵੀ ਅਕਾਲੀ ਲੀਡਰ ਨੇ ਬੁਰਾ ਨਾ ਮਨਾਇਆ। ਸਗੋਂ 26 ਜਨਵਰੀ 1986 ਦੇ ਸਰਬੱਤ ਖਾਲਸਾ ਵਿੱਚ ਜਦੋਂ ਪੂਰੀ ਕੌਮ ਨੇ ਇਹਨਾਂ ਨੂੰ ਰੱਦ ਕਰ ਦਿੱਤਾ ਤਾਂ ਇਹਨਾਂ ਨੇ ਆਪਣੀ ਹੋਂਦ ਬਚਾਉਣ ਲਈ ਅਨੰਦਪੁਰ ਸਾਹਿਬ ਵਿੱਚ ਸਰਕਾਰੀ ਇਕੱਠ ਕਰਕੇ ਸਰਬੱਤ ਖਾਲਸਾ ਦੀ ਮਰਿਆਦਾ ਦੀਆਂ ਧੱਜੀਆਂ ਉਡਾਈਆਂ। ਇਸੇ ਸਰਕਾਰ ਵੇਲੇ ਦੋ ਫਰਵਰੀ 1986 ਨੂੰ ਨਕੋਦਰ ਵਿੱਚ ਕਿਸੇ ਸ਼ਰਾਰਤੀ ਅਨਸਰ ਨੇ ਗੁਰੂ ਗ੍ਰੰਥ ਸਹਿਬ ਜੀ ਦੀਆਂ ਪੰਜ ਬੀੜਾਂ ਸਾੜ ਦਿੱਤੀਆਂ। ਜਿਸ ਦੀ ਸੰਭਾਲ ਵਾਸਤੇ ਜਾਣ ਵਾਲੀਆਂ ਸੰਗਤਾਂ ਉਤੇ ਗੋਲੀਆਂ ਚਲਾ ਕੇ ਚਾਰ ਨੌਜਵਾਨਾਂ ਨੂੰ ਸ਼ਹੀਦ ਕਰ ਦਿੱਤਾ। ਇਸ ਜਾਲਮਾਨਾ ਕਾਰਵਾਈ ਲਈ ਐਸ ਐਸ ਪੀ ਇਜਹਾਰ ਆਲਮ ਅਤੇ ਇਲਾਕਾ ਮਜਿਸਟ੍ਰੇਟ ਦਰਬਾਰਾ ਸਿੰਘ ਗੁਰੂ ਨੂੰ ਸਜਾ ਤਾਂ ਕੀ ਦੇਣੀ ਸੀ ਸਗੋਂ ਪ੍ਰਕਾਸ਼ ਸਿੰਘ ਬਾਦਲ ਨੇ ਬਾਦ ਵਿੱਚ ਬਣਨ ਵਾਲੀ ਆਪਣੀ ਸਰਕਾਰ ਵਿੱਚ ਅਹੁਦੇ ਦੇ ਕੇ ਨਵਾਜਿਆ ਅਤੇ ਉਸ ਵੇਲੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਵੱਲੋਂ ਕੀਤੀ ਜਾਂਚ, ਜੋ 2001 ਵਿੱਚ ਪੰਜਾਬ ਅਸੈਂਬਲੀ ਵਿੱਚ ਰੱਖੀ, ਦਾ ਇਕ ਹਿੱਸਾ ਹੀ ਗਾਇਬ ਕਰ ਦਿੱਤਾ। ਬਿਲਕੁਲ ਉਸੇ ਤਰਾਂ ਜਿਵੇ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਕਤਲ ਬਾਰੇ ਬੀ ਪੀ ਤਿਵਾੜੀ ਦੁਆਰਾ ਕੀਤੀ ਗਈ ਜਾਂਚ ਰਿਪੋਰਟ ਸਦਾ ਲਈ ਦਬਾਅ ਕੇ ਖਤਮ ਕਰ ਦਿੱਤੀ।

ਬਰਨਾਲਾ ਦੀ ਅਕਾਲੀ ਸਰਕਾਰ ਨੇ ਜੂਨ ਚੁਰਾਸੀ ਦੇ ਘੱਲੂਘਾਰੇ ਨੂੰ ਸਹੀ ਸਾਬਤ ਕਰਨ ਲਈ 30 ਅਪ੍ਰੈਲ 1986 ਨੂੰ ਅਪਰੇਸ਼ਨ ਬਲੈਕ ਥੰਡਰ ਰਾਹੀਂ ਦਰਬਾਰ ਸਾਹਿਬ ਵਿੱਚ ਪੁਲੀਸ ਭੇਜ ਕੇ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਸਮੇਤ ਸੈਂਕੜੇ ਲੋਕਾਂ ਨੂੰ ਗ੍ਰਿਫਤਾਰ ਕਰਵਾਇਆ। ਇਸ ਕਾਰਵਾਈ ਨਾਲ ਅਕਾਲੀ ਦਲ ਦੋਫਾੜ ਤਾਂ ਹੋ ਗਿਆ ਪਰ ਉਹਨਾਂ ਦਾ ਕਿਰਦਾਰ ਪਰਿਵਰਤਨ ਨਾ ਹੋਇਆ ਕਿਉਂ ਕਿ ਉਹ ਸੱਤਾ ਪ੍ਰਾਪਤੀ ਅਤੇ ਆਪੋ ਆਪਣੀ ਚੌਧਰ ਸਿੱਧ ਕਰਨ ਤੇ ਤੁੱਲੇ ਰਹੇ ਅਤੇ ਕਦੇ ਵੀ ਕੌਮ ਦੀ ਭਲਾਈ ਜਾਂ ਪੰਥ ਦੀ ਚੜ੍ਹਦੀ ਕਲਾ ਬਾਰੇ ਸੋਚਿਆ ਨਾ ਤੇ ਕੀਤਾ। 1984 ਤੋਂ ਲੈ ਕੇ 1997 ਤੱਕ ਜਦੋਂ ਪੂਰੀ ਕੌਮ ਬਲਦੀ ਦੇ ਬੂਥੇ ਆਈ ਹੋਈ ਸੀ ਤਾਂ ਇਹਨਾਂ ਅਕਾਲੀ ਲੀਡਰਾਂ ਦੇ ਇਕ ਵੀ ਨਾ ਖਰੂੰਡਿਆ। ਉਲਟਾ ਅਕਾਲੀ ਦਲ ਦੇ ਸਾਰੇ ਧੜਿਆਂ ਨੇ ਜੋਟਾਂ ਦਾ ਬਾਈਕਾਟ ਕਰਕੇ ਸਤਾ ਕਾਂਗਰਸ ਦੇ ਹੱਥ ਫੜਾ ਦਿੱਤੀ। ਜਿਸ ਦੇ ਮੁਖੀ ਬੇਅੰਤ ਸਿੰਘ ਨੇ ਚੁਣ ਚੁਣ ਕੇ ਸਿੱਖ ਨੌਜਵਾਨਾਂ ਦਾ ਸ਼ਿਕਾਰ ਖੇਡਿਆ। ਇਹਨਾਂ ਦੇ ਸੱਦੇ ਤੇ ਲੋਕਾਂ ਨੇ ਵੋਟਾਂ ਦੇ ਬਾਈਕਾਟ ਨੂੰ ਸਫਲ ਕਰ ਦਿੱਤਾ ਪਰ ਛੇ ਪ੍ਰਤੀਸ਼ਤ ਵੋਟਾਂ ਲੈਕੇ ਬਣੀ ਬੇਅੰਤ ਸਰਕਾਰ ਨੂੰ ਇਹਨਾਂ ਨੇ ਆਰਾਮ ਨਾਲ ਚੱਲਣ ਦਿੱਤਾ। ਸਿਰਫ ਮਨੁੱਖੀ ਅਧਿਕਾਰਾਂ ਦਾ ਘਾਣ ਕਰਦਿਆਂ ਜਥੇਦਾਰ ਅਕਾਲ ਤਖਤ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਅਤੇ ਜਸਵੰਤ ਸਿੰਘ ਖਾਲੜਾ ਨੂੰ ਵੀ ਲਾਵਾਰਿਸ ਲਾਸ਼ ਬਣਾ ਦਿੱਤਾ। ਖਬਰਾਂ ਇਸ ਤਰਾਂ ਵੀ ਆਈਆਂ ਸਨ ਕਿ ਪ੍ਰਕਾਸ਼ ਸਿੰਘ ਬਾਦਲ ਉਹਨਾਂ ਦਿਨਾਂ ਵਿੱਚ ਕੇਪੀਐਸ ਗਿੱਲ ਨਾਲ ਵੀ ਮੁਲਾਕਾਤਾਂ ਕਰਦਾ ਰਿਹਾ। ਇਹ ਸਾਰੇ ਅਕਾਲੀ ਆਪਣੀ ਧੜਿਆਂ ਦੀ ਸਿਆਸਤ ਕਰਦੇ ਰਹੇ। ਕੌਮ ਦੀਆਂ ਦਿਲੀ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਉਸ ਵੇਲੇ ਦੇ ਜਥੇਦਾਰ ਅਕਾਲ ਤਖਤ ਸਾਹਿਬ ਪ੍ਰੋ ਮਨਜੀਤ ਸਿੰਘ ਨੇ ਸਾਰੇ ਧੜਿਆਂ ਨੂੰ ਇਕਜੁੱਟ ਕਰਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਸਥਾਪਨਾ ਕੀਤੀ। ਪਰ ਸ ਬਾਦਲ ਨੇ ਅਕਾਲ ਤਖਤ ਸਾਹਿਬ ਦੇ ਹੁਕਮ ਨੂੰ ਨਾ ਮੰਨਿਆ ਅਤੇ ਆਪਣਾ ਧੜਾ ਕਾਇਮ ਰੱਖਿਆ। ਇਸ ਦੇ ਧੜੇ ਨਾਲ ਅੰਮ੍ਰਿਤਸਰ ਅਕਾਲੀ ਦਲ ਦੇ ਕਈ ਲੀਡਰ ਵੀ ਆ ਰਲੇ ਜਿਸ ਕਰਕੇ ਇਹ ਖੁਦ ਨੂੰ ਅਸਲੀ ਅਕਾਲੀ ਦਲ ਕਹਾਉਣ ਲੱਗਾ। ਇਸ ਧੜੇ ਨੇ ਸ਼੍ਰੋਮਣੀ ਅਕਾਲੀ ਦਲ ਦੀ ਪਛੱਤਰਵੀਂ ਵਰ੍ਹੇਗੰਢ ਮਨਾਉਂਦਿਆਂ 25 ਫਰਵਰੀ 1996 ਨੂੰ ਮੋਗਾ ਵਿੱਚ ਪੰਥਕ ਪਾਰਟੀ ਨੂੰ ਪੰਜਾਬੀ ਪਾਰਟੀ ਵਿੱਚ ਤਬਦੀਲ ਕਰ ਦਿੱਤਾ ਜੋ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰਨ ਦੇ ਤੁੱਲ ਸੀ। ਅਕਾਲੀ ਦਲ ਦੇ ਇਸ ਸੰਗੀਨ ਗੁਨਾਹ ਦਾ ਵੀ ਕੋਈ ਨੋਟਿਸ ਨਹੀਂ ਲਿਆ ਗਿਆ।

ਬੇਅੰਤ ਸਿੰਘ ਦੇ ਜੁਲਮ ਤੋਂ ਤੰਗ ਹੋਈ ਸਿੱਖ ਕੌਮ ਨੇ 1997 ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ 75 ਸੀਟਾਂ ਜਿਤਾ ਦਿੱਤੀਆਂ। ਸਾਰਿਆਂ ਨੂੰ ਆਸ ਸੀ ਕਿ ਸਿੱਖਾਂ 'ਤੇ ਹੋਏ ਜੁਲਮਾਂ ਦਾ ਹਿਸਾਬ ਲਿਆ ਜਾਵੇਗਾ ਪਰ ਪ੍ਰਕਾਸ਼ ਸਿੰਘ ਬਾਦਲ ਨੇ ਆਉਂਦਿਆਂ ਹੀ ਸਿੱਖ ਨੌਜਵਾਨਾਂ ਦੇ ਕਤਲਾਂ ਅਤੇ ਪੰਜਾਬ ਵਿੱਚ ਹੋਏ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਜਾਂਚ ਕਰਾਉਣ ਦਾ ਜੋ ਵਾਅਦਾ ਕੀਤਾ ਸੀ, ਉਸ ਨੂੰ ਪੂਰਾ ਕਰਨ ਦੀ ਬਜਾਏ ਟਾਲ ਮਟੋਲ ਕਰਨਾ ਸ਼ੁਰੂ ਕਰ ਦਿੱਤਾ। ਜਦ ਜਸਟਿਸ ਕੁਲਦੀਪ ਸਿੰਘ ਦੀ ਅਗਵਾਈ ਵਿੱਚ ਸਿਵਲ ਸੋਸਾਇਟੀ ਦੇ ਲੋਕਾਂ ਨੇ ਖੁਦ ਹਿੰਮਤ ਕਰਕੇ ਤਿੰਨ ਜੱਜਾਂ 'ਤੇ ਅਧਾਰਿਤ ਇਕ ਲੋਕ ਕਮਿਸ਼ਨ ਬਣਾ ਲਿਆ ਤਾਂ ਉਸ ਦੀ ਪਹਿਲੀ ਬੈਠਕ ਤੋਂ ਬਾਦ ਹੀ ਅਕਾਲੀ ਸਰਕਾਰ ਨੇ ਆਪਣੇ ਇਕ ਕੈਬਨਿਟ ਮਨਿਸਟਰ ਤੋਂ ਹਾਈਕੋਰਟ ਵਿੱਚ ਰਿਟ ਪੁਆ ਕੇ ਬੰਦ ਕਰਾ ਦਿੱਤਾ। 1998 ਦੀਆਂ ਪਾਰਲੀਮੈਂਟ ਚੋਣਾਂ ਵਿੱਚ ਅਕਾਲੀ ਦਲ ਨੂੰ ਤੇਰਾਂ ਸੀਟਾਂ ਤੇ ਜਿੱਤ ਪ੍ਰਾਪਤ ਹੋਈ (ਅੱਠ ਅਕਾਲੀ ਅਤੇ ਪੰਜ ਉਮੀਦਵਾਰ ਭਾਈਵਾਲ)। ਉਸ ਵੇਲੇ 182 ਸੀਟਾਂ ਵਾਲੀ ਭਾਜਪਾ ਗਠਜੋੜ ਸਰਕਾਰ ਬਣਾਉਣ ਲਈ ਤਰਲੇ ਮਾਰ ਰਹੀ ਸੀ। ਸਾਰੇ ਪ੍ਰਮੁੱਖ ਅਕਾਲੀ ਲੀਡਰ ਤੀਜੇ ਮੋਰਚੇ ਦੀ ਸਰਕਾਰ ਬਣਾਉਣ ਦੇ ਯਤਨਾਂ ਵਿੱਚ ਜੁੱਟੇ ਹੋਏ ਸਨ। ਤਿਰਲੋਚਨ ਸਿੰਘ ਦਿੱਲੀ ਦੇ ਦੱਸਣ ਅਨੁਸਾਰ ਉਦੋਂ ਪ੍ਰਕਾਸ਼ ਸਿੰਘ ਬਾਦਲ ਉਸ ਨੂੰ ਨਾਲ ਲੈ ਕੇ ਅਟੱਲ ਬਿਹਾਰੀ ਵਾਜਪਾਈ ਦੇ ਘਰ ਗਿਆ ਅਤੇ ਬਿਨਾ ਸ਼ਰਤ ਸਮਰਥਨ ਦੇ ਆਇਆ। ਜਦਕਿ ਗਠਜੋੜ ਸਰਕਾਰਾਂ ਵਿੱਚ ਸਮਰਥਨ ਸ਼ਰਤਾਂ ਤਹਿਤ ਹੀ ਦਿੱਤਾ ਜਾਂਦਾ ਹੈ। ਉਸ ਵੇਲੇ ਅੱਤਵਾਦ ਦੇ ਨਾਂ ਤੇ ਪੰਜਾਬ ਸਿਰ ਚੜ੍ਹਿਆ 5/99 ਕਰੋੜ ਦਾ ਕਰਜਾ ਮੁਆਫ ਕਰਾਇਆ ਜਾ ਸਕਦਾ ਸੀ ਜੋ ਬਾਅਦ ਵਿੱਚ ਵਿਆਜ ਦਰ ਵਿਆਜ ਨਾਲ ਸਾਢੇ ਤਿੰਨ ਲੱਖ ਕਰੋੜ ਹੋ ਗਿਆ ਅਤੇ ਪੰਜਾਬ ਨੂੰ ਕੰਗਾਲ ਬਣਾ ਦਿੱਤਾ ਪਰ ਇਸ ਬਿਨਾ ਸ਼ਰਤ ਸਮਰਥਨ ਬਦਲੇ ਸੁਖਬੀਰ ਸਿੰਘ ਬਾਦਲ ਨੂੰ ਰਾਜ ਮੰਤਰੀ ਦਾ ਅਹੁਦਾ ਮਿਲ ਗਿਆ।

1999 ਵਿੱਚ ਖਾਲਸਾ ਪੰਥ ਦੇ ਜਨਮ ਦਿਹਾੜੇ ਦੀ ਤੀਸਰੀ ਸ਼ਤਾਬਦੀ ਮੌਕੇ ਤੌਰ 'ਤੇ ਮਨਾਉਣ ਲਈ ਜਥੇਦਾਰ ਅਕਾਲ ਤਖ਼ਤ ਸਾਹਿਬ ਭਾਈ ਰਣਜੀਤ ਸਿੰਘ ਦੀ ਅਪੀਲ ਦਾ ਸਹਾਰਾ ਬਣਾਉਂਦਿਆਂ ਅਕਾਲੀ ਦਲ ਹੀ ਦੋਫਾੜ ਕਰ ਦਿੱਤਾ। ਇਸ ਗੁਨਾਹ ਲਈ ਜਦੋਂ ਪ੍ਰਕਾਸ਼ ਸਿੰਘ ਬਾਦਲ ਅਤੇ ਬਲਵਿੰਦਰ ਸਿੰਘ ਭੂੰਦੜ ਨੂੰ ਤਲਬ ਕੀਤਾ ਤਾਂ ਜਥੇਦਾਰ ਭਾਈ ਰਣਜੀਤ ਸਿੰਘ ਨੂੰ ਜਥੇਦਾਰੀ ਦੇ ਅਹੁਦੇ ਤੋਂ ਇਸ ਤਰਾਂ ਹਟਾਇਆ ਜਿਵੇਂ ਕਿਸੇ ਕਲਰਕ ਨੂੰ ਹਟਾਇਆ ਜਾਂਦਾ ਹੈ। ਇਸਤੋਂ ਬਾਦ ਵਿੱਚ ਬਣਨ ਵਾਲੇ ਜਥੇਦਾਰਾਂ ਨੂੰ ਵੀ ਇਸ ਤਰਾਂ ਹੀ ਮਰਿਆਦਾਵਾਂ ਦਾ ਘਾਣ ਕਰਕੇ ਲਾਹਿਆ ਜਾਂਦਾ ਰਿਹਾ। ਸ਼ਤਾਬਦੀ ਮਨਾਉਣ ਲਈ ਕੇਂਦਰ ਸਰਕਾਰ ਤੋਂ ਆਏ ਸੌ ਕਰੋੜ ਰੁਪਏ ਖਰਚ ਕਰਨ ਵਿੱਚ ਆਰ ਐਸ ਐਸ ਨੂੰ ਭਾਈਵਾਲ ਬਣਾ ਲਿਆ। ਇਸੇ ਸਰਕਾਰ ਦੇ ਦੌਰ ਵਿੱਚ ਹੀ ਪਿਆਰਾ ਸਿੰਘ ਭਨਿਆਰਾ ਵਾਲੇ ਡੇਰੇਦਾਰ ਨੇ ਗੁਰੂ ਗ੍ਰੰਥ ਸਹਿਬ ਜੀ ਦੀ ਬੇਅਦਬੀ ਕਰਨ ਦੀ ਜੁਅਰਤ ਕੀਤੀ। ਲੋਕਾਂ ਦੇ ਜਬਰਦਸਤ ਸਮਰਥਨ ਨਾਲ ਬਣੀ ਇਸ ਸਰਕਾਰ ਨੇ ਅਜਿਹਾ ਕੋਈ ਕੰਮ ਨਾ ਕੀਤਾ ਕਿ ਸਿੱਖ ਉਸ ਨੂੰ ਪ੍ਰਵਾਨ ਕਰਦੇ। ਉਲਟਾ ਨਸ਼ੇ ਦੇ ਖੁੱਲੇ ਵਪਾਰ ਨਾਲ ਪੰਜਾਬ ਦੀ ਅੱਧੀ ਨੌਜਵਾਨੀ ਨੂੰ ਨਸ਼ੇੜੀ ਬਣਾ ਦਿੱਤਾ। ਇਸ ਲਈ 2002 ਵਿੱਚ ਕਾਂਗਰਸ ਸਰਕਾਰ ਦੀ ਵਾਪਸੀ ਹੋ ਗਈ।

ਅਕਾਲੀ ਚਾਰ ਸੱਤਾ ਵਿੱਚ ਆਉਣ 'ਤੇ ਅਕਾਲੀ ਕਿਰਦਾਰ ਪੂਰੀ ਤਰਾਂ ਬਦਲ ਚੁੱਕਿਆ ਸੀ। ਹੋਣਾ ਚੁੱਕ ਕੇ ਮੋਰਚਿਆਂ ਵਿੱਚ ਜਾਣ ਵਾਲੇ ਸਿੱਧੇ ਸਾਦੇ ਜਥੇਦਾਰਾਂ ਦੀ ਥਾਂ ਵੱਡੀਆਂ ਗੱਡੀਆਂ ਵਾਲੇ ਲੀਡਰਾਂ ਨੇ ਲੈ ਲਈ ਸੀ। ਇਹ ਅਕਾਲੀ ਸਰਕਾਰ ਲੋਕਾਂ ਤੋਂ, ਸਿੱਖ ਭਾਵਨਾਵਾਂ ਤੋਂ ਪੂਰੀ ਤਰਾਂ ਦੂਰ ਜਾ ਚੁੱਕੀ ਸੀ। ਅਕਾਲੀ ਦਲ ਦੇ ਪ੍ਰਧਾਨ ਅਤੇ ਮੰਤਰੀਆਂ 'ਤੇ ਭ੍ਰਿਸ਼ਟਾਚਾਰ ਅਤੇ ਚਿੱਟਾ ਵੇਚਣ ਦੇ ਇਲਜਾਮ ਲੱਗੇ। ਇਥੇ ਹੀ ਨਹੀਂ ਇਸ ਸਰਕਾਰ ਦੇ ਰਾਜ ਵਿੱਚ ਜੋ ਵੱਡੇ ਗੁਨਾਹ ਜਾਣ ਬੁੱਝ ਕੇ ਕੀਤੇ ਗਏ ਉਨ੍ਹਾਂ ਦੀ ਮਾਫੀ ਕਿਤੇ ਵੀ ਨਹੀਂ ਮਿਲ ਸਕਦੀ। 2007 ਦੇ ਸ਼ੁਰੂ ਵਿੱਚ ਅਕਾਲੀ ਸਰਕਾਰ ਦੀ ਵਾਪਸੀ ਹੋਈ ਤਾਂ ਮਈ ਮਹੀਨੇ ਵਿੱਚ ਸਿਰਸਾ ਡੇਰੇ ਦੇ ਸਾਧ ਰਾਮ ਰਹੀਮ ਨੇ ਮੁੱਖ ਮੰਤਰੀ ਦੇ ਆਪਣੇ ਜਿਲੇ ਬਠਿੰਡਾ ਵਿੱਚ ਆ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਸਵਾਂਗ ਰਚਾ ਕੇ ਅਤੇ ਅੰਮ੍ਰਿਤ ਛਕਾਉਣ ਦਾ ਡਰਾਮਾ ਕਰਕੇ ਲੋਕਾਂ ਨੂੰ ਜਾਮ-ਏ-ਇੰਸਾਂ ਪਿਆ ਕੇ ਸਿੱਖ ਰਹਿਤ ਮਰਿਆਦਾ ਅਤੇ ਉਸ ਦੀ ਗੁਰੂ ਪਰੰਪਰਾ ਨੂੰ ਸਿੱਧੇ ਰੂਪ ਵਿੱਚ ਵੰਗਾਰਿਆ ਪਰ ਇਸ ਅਕਾਲੀ ਸਰਕਾਰ ਨੇ ਉਸ ਨੂੰ ਗ੍ਰਿਫਤਾਰ ਕਰਨ ਦੀ ਬਜਾਏ ਕਿਸੇ ਕਿਸਮ ਦੀ ਕਾਰਵਾਈ ਨਾ ਕੀਤੀ ਅਤੇ ਮਾਮਲਾ ਠੰਡਾ ਕਰਕੇ ਕਿਨਾਰਾ ਕਰ ਦਿੱਤਾ। ਪਰ ਆਮ ਸਿੱਖ ਸੰਗਤਾਂ ਨੇ ਇਸ ਦਾ ਡੱਟ ਕੇ ਵਿਰੋਧ ਕੀਤਾ ਜਿਸ ਕਰਕੇ ਇਕ ਅੰਮ੍ਰਿਤਧਾਰੀ ਸਿੰਘ ਕਮਲਜੀਤ ਸਿੰਘ ਸ਼ਹੀਦ ਹੋਇਆ ਅਤੇ ਕਈ ਜ਼ਖਮੀ ਹੋਏ। ਇਹ ਕਲੇਸ਼ ਕਈ ਸਾਲ ਚਲਦਾ ਰਿਹਾ। ਫਿਰ ਪ੍ਰੇਮੀਆਂ ਦੀਆਂ ਵੋਟਾਂ ਦੀ ਹਾਂ ਹੂੰ 'ਤੇ ਡੇਰਾ ਮੁਖੀ ਖਿਲਾਫ ਦਰਜ ਕਰਾਇਆ ਪਰਚਾ ਵੀ ਵਾਪਸ ਲੈ ਲਿਆ। ਇਸ ਗੱਲ ਦਾ ਵੀ ਅਕਾਲ ਤਖਤ ਸਾਹਿਬ ਤੋਂ ਕੋਈ ਨੋਟਿਸ ਨਾ ਲਿਆ ਗਿਆ।

ਗਿਆਨੀ ਗੁਰਮੁਖ ਸਿੰਘ ਸਾਬਕਾ ਹੈੱਡ ਗ੍ਰੰਥੀ ਸ੍ਰੀ ਅਕਾਲ ਤਖਤ ਸਾਹਿਬ ਦੇ ਬਿਆਨਾਂ ਅਨੁਸਾਰ ਫਿਰ ਇਕ ਦਿਨ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਮੇਤ ਤਿੰਨਾਂ ਜਥੇਦਾਰਾਂ ਨੂੰ ਮੁੱਖ ਮੰਤਰੀ ਦੀ ਕੋਠੀ ਵਿੱਚ ਚੰਡੀਗੜ੍ਹ ਬੁਲਾਇਆ ਗਿਆ ਅਤੇ ਹੁਕਮ ਕੀਤਾ ਕਿ ਸੌਦਾ ਸਾਧ ਨੂੰ ਮਾਫ ਕਰ ਦਿੱਤਾ ਜਾਵੇ। ਇਕ ਰੋਜ ਲਿਖਤ ਚਿੱਠੀ ਮਤ ਉਹਨਾਂ ਦੇ ਹੱਥ ਫੜਾ ਦਿੱਤਾ। ਜਿਨ੍ਹਾਂ ਨੇ ਅੰਮ੍ਰਿਤਸਰ ਪਹੁੰਚ ਕੇ ਸੌਦਾ ਸਾਧ ਨੂੰ ਬਿਨਾ ਪੇਸ਼ ਹੋਣ ਤੋਂ ਮਾਫੀ ਦੇ ਦਿੱਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਮਾਫੀਨਾਮੇ 'ਤੇ ਏਨੀ ਖੁਸ਼ ਹੋਈ, ਜਿਵੇਂ ਕੋਈ ਪੰਥ ਦੀ ਬਹੁਤ ਵੱਡੀ ਜਿੱਤ ਹੋਈ ਹੋਵੇ, ਕਿ ਇਸ ਦੀਆਂ ਤਾਰੀਫਾਂ ਵਿੱਚ 92 ਲੱਖ ਰੁਪਏ ਇਸ਼ਤਿਹਾਰਾਂ 'ਤੇ ਖਰਚ ਕਰ ਦਿੱਤੇ। ਜਿਸ ਦਾ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਚੀਫ ਸੈਕਟਰੀ ਸ ਹਰਚਰਨ ਸਿੰਘ ਨੇ ਕੀਤਾ। ਅਸਲ ਵਿੱਚ ਖਬਰਾਂ ਮੁਤਾਬਕ ਸੌਦਾ ਸਾਧ ਦੀ ਫਿਲਮ ਚਲਾਉਣ ਲਈ ਅਕਾਲੀ ਉਪ ਮੁੱਖ ਮੰਤਰੀ ਦਾ ਸੌ ਕਰੋੜ ਵਿੱਚ ਸੌਦਾ ਤਹਿ ਹੋ ਗਿਆ ਸੀ। ਜਿਸ ਲਈ ਇਹ ਮਾਫੀਨਾਮੇ ਵਾਲਾ ਡਰਾਮਾ ਰਚਿਆ ਗਿਆ ਕਿ ਫਿਲਮ ਚਲਾਉਣ ਦਾ ਵਿਰੋਧ ਨਾ ਹੋਵੇ। ਪਰ ਸਿੱਖ ਸੰਗਤਾਂ ਨੇ ਇਸ ਮਾਫੀਨਾਮੇ ਦਾ ਏਨਾ ਜਬਰਦਸਤ ਵਿਰੋਧ ਕੀਤਾ ਕਿ ਸੌਦਾ ਸਾਧ ਦੀ ਫਿਲਮ ਦੇ ਸ਼ੋਅਕੇਸਾਂ ਦੀ ਰਾਖੀ ਲਈ ਵੀ ਉਸ ਅਕਾਲੀ ਸਰਕਾਰ ਨੂੰ ਪੁਲੀਸ ਦੇ ਪਹਿਰੇ ਲਾਉਣੇ ਪਏ। ਮਾਫੀ ਦੇਣ ਵਾਲੇ ਪੰਜ ਜਥੇਦਾਰਾਂ ਨੂੰ ਅਕਾਲ ਤਖਤ ਸਾਹਿਬ ਉੱਤੇ ਪੰਜ ਪਿਆਰਿਆਂ ਦੀ ਸੇਵਾ ਨਿਭਾਉਣ ਵਾਲੇ ਸਿੰਘਾਂ ਨੇ ਅਕਾਲ ਤਖਤ ਸਾਹਿਬ 'ਤੇ ਤਲਬ ਕਰ ਲਿਆ। ਇਸ ਨਮੋਸ਼ੀ ਭਰੇ ਡਰਾਮੇ ਦਾ ਅੰਤ ਇਸ ਹੋਇਆ ਕਿ ਮਾਫੀਨਾਮਾ ਵਾਪਸ ਲੈਣਾ ਪੈ ਗਿਆ ਪਰ ਸੌਦਾ ਸਾਧ ਦੇ ਗੁੰਡਿਆਂ ਨੇ ਇਸ ਨੂੰ ਆਪਣੇ ਪਿਤਾ ਰਾਮ ਰਹੀਮ ਦਾ ਘੋਰ ਅਪਮਾਨ ਸਮਝ ਕੇ ਬਦਲਾ ਲੈਣ ਦੀ ਠਾਣ ਲਈ। ਉਹਨਾਂ 1 ਜੂਨ 2015 ਨੂੰ ਬੁਰਜ ਜਵਾਹਰ ਸਿੰਘ ਵਾਲਾ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚੋਂ ਗੁਰੂ ਗ੍ਰੰਥ ਸਹਿਬ ਜੀ ਦੀ ਬੀੜ ਦਿਨ ਦਿਹਾੜੇ ਚੋਰੀ ਕਰ ਲਈ। ਅਕਾਲੀ ਸਰਕਾਰ ਉਸ ਬੀੜ ਦਾ ਕੋਈ ਥਹੁ ਪਤਾ ਨਾ ਲਾ ਸਕੀ। ਗੁਰਦੁਆਰੇ ਦੇ ਗ੍ਰੰਥੀ ਭਾਈ ਗੋਰਾ ਸਿੰਘ, ਉਸ ਦੀ ਪਤਨੀ ਸਰਪੰਚ ਸਮੇਤ ਕਈ ਲੋਕਾਂ ਉਤੇ ਅੰਨਾ ਤਸ਼ੱਦਦ ਢਾਹਿਆ। ਪਰ ਉਹਨਾਂ ਵੱਲੋਂ ਬਾਰ ਬਾਰ ਨਾਮ ਲੈਣ ਤੇ ਵੀ ਗੁਰਦੁਆਰੇ ਦੇ ਸਾਹਮਣੇ ਰਹਿੰਦੀ ਪੰਜਾਬ ਰਹਿਤ ਡੇਰਾ ਪ੍ਰੇਮੀ ਤੋਂ ਕੋਈ ਪੁੱਛਗਿੱਛ ਨਾ ਕੀਤੀ। ਬਾਦ ਵਿੱਚ ਉਸ ਪਤਨੀ ਦਾ ਕਤਲ ਹੋ ਗਿਆ। ਇਹ ਅਕਾਲੀ ਸਰਕਾਰ ਅੰਮ੍ਰਿਤਧਾਰੀ ਸਿੱਖਾਂ ਨੂੰ ਹੀ ਮੁਜਰਿਮ ਬਣਾਉਣ 'ਤੇ ਤੁੱਲੀ ਰਹੀ।

ਤਕਰੀਬਨ ਚਾਰ ਮਹੀਨੇ ਬੀਤ ਜਾਣ ਤੇ ਪਖਾਨੇ ਵਿੱਚ ਰੱਖਣ ਵਾਲੇ ਦੋਸ਼ੀਆਂ ਨੇ 25 ਸਤੰਬਰ 2015 ਨੂੰ ਇਕ ਹੱਥ ਲਿਖਤ ਪੋਸਟਰ ਗੁਰਦੁਆਰੇ ਸਾਹਮਣੇ ਲਾ ਕੇ ਚੈਲੰਜ ਕੀਤਾ ਕਿ ਤੁਹਾਡਾ ਗੁਰੂ ਸਾਡੇ ਕੋਲ ਹੈ ਇਸ ਨੂੰ ਪਾੜ ਕੇ ਗਲੀਆਂ ਵਿੱਚ ਖਿਲਾਰਾਂਗੇ। ਜੋ ਉਹਨਾਂ ਨੇ 12 ਅਕਤੂਬਰ ਨੂੰ ਕਰ ਦਿਖਾਇਆ। ਸਰਕਾਰ ਡੇਰਾ ਪ੍ਰੇਮੀਆਂ ਨੂੰ ਫੜਨ ਦੀ ਥਾਂ ਸਿੱਖ ਨੌਜਵਾਨਾਂ ਦੇ ਪਿੱਛੇ ਹੱਥ ਧੋ ਕੇ ਪਈ ਰਹੀ। ਪੰਜਗਰਾਈਂ ਪਿੰਡ ਦੇ ਅੰਮ੍ਰਿਤਧਾਰੀ ਨੌਜਵਾਨ ਰੁਪਿੰਦਰ ਸਿੰਘ ਅਤੇ ਉਸ ਦੇ ਭਰਾ ਨੂੰ ਹਿਰਾਸਤ ਵਿੱਚ ਲੈਣ ਤੋਂ ਬਾਅਦ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪ੍ਰੈਸ ਕਾਨਫਰੰਸ ਕਰਕੇ ਸਿੱਖਾਂ ਉੱਤੇ ਹੀ ਇਸ ਬੇਅਦਬੀ ਦਾ ਇਲਜਾਮ ਲਾ ਦਿੱਤਾ ਕਿ ਆਸਟ੍ਰੇਲੀਆ ਅਤੇ ਪਾਕਿਸਤਾਨ ਵਿੱਚ ਬੈਠੇ ਅੱਤਵਾਦੀਆਂ ਨੇ ਪੈਸੇ ਦੇ ਕੇ ਬੇਅਦਬੀ ਕਰਵਾਈ ਹੈ। ਜਦੋਂ ਬੇਅਦਬੀਆਂ ਕਰਨ ਵਾਲੇ ਗਿਰੋਹ ਦੇ ਸਰਗਨਾ ਮਹਿੰਦਰ ਪਾਲ ਬਿੱਟੂ ਨੇ ਖੁਦ ਮਜਿਸਟ੍ਰੇਟ ਕੋਲ ਬਿਆਨ ਦਰਜ ਕਰਵਾਕੇ ਇਕਬਾਲੀਆ ਬਿਆਨ ਕੀਤਾ ਕਿ ਬੇਅਦਬੀਆਂ ਅਸੀਂ ਕੀਤੀਆਂ ਹਨ, ਤਾਂ ਵੀ ਇਹਨਾਂ ਜਾਲਮ ਬਣੇ ਅਕਾਲੀਆਂ ਨੂੰ ਸ਼ਰਮ ਨਾ ਆਈ ਕਿ ਕੌਮ ਕੋਲੋਂ ਮਾਫੀ ਹੀ ਮੰਗ ਲੈਣ। ਸਾਰੀ ਕੌਮ ਇਹਨਾਂ ਬੇਅਦਬੀਆਂ ਦੇ ਵਿਰੋਧ ਵਿੱਚ ਸੜਕਾਂ ਤੇ ਉਤਰ ਆਈ, ਪਰ ਉਹਨਾਂ ਧਰਨਿਆਂ ਵਿੱਚ ਇਕ ਵੀ ਅਕਾਲੀ ਲੀਡਰ ਸ਼ਾਮਲ ਨਾ ਹੋਇਆ ਕਿਉਂਕਿ ਉਹ ਬੇਅਦਬੀ ਕਰਨ ਵਾਲਿਆਂ ਦੇ ਨਾਲ ਖੜੇ ਸਨ। ਬੇਅਦਬੀਆਂ ਦੇ ਵਿਰੋਧ ਵਿੱਚ ਜਦੋਂ ਸਾਰੇ ਸਿੱਖ ਬੁਰਜ ਜਵਾਹਰ ਸਿੰਘ ਵਾਲਾ/ਕੋਟਕਪੂਰਾ ਚੌਂਕ ਵਿੱਚ ਪੱਕਾ ਧਰਨਾ ਲਾ ਕੇ ਬੈਠ ਗਏ ਤਾਂ ਉਸ ਵੇਲੇ ਦੀਆਂ ਖਬਰਾਂ ਮੁਤਾਬਕ ਅਕਾਲੀ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਹਿਦਾਇਤ ਦੀ ਧਰਤੀ ਤੋਂ ਡੀਜੀਪੀ ਸੈਣੀ ਦੇ ਨਾਮ ਗੁਪਤ ਸੁਨੇਹਾ ਸੀ ਕਿ, "ਮੈਨੂੰ ਛੇ ਵਜੇ ਤੱਕ ਚੌਂਕ ਖਾਲੀ ਚਾਹੀਦਾ" ਇਹਨਾਂ ਬੇਅਦਬੀਆਂ ਦਾ ਵਿਰੋਧ ਕਰਦੇ ਸਿੱਖਾਂ ਨੂੰ ਗੋਲੀਆਂ ਅਤੇ ਤਸ਼ੱਦਦ ਦਾ ਸ਼ਿਕਾਰ ਬਣਾਇਆ ਜਿਸ ਵਿੱਚ ਦੋ ਸਿੰਘਾਂ ਦੀ ਸ਼ਹਾਦਤ ਅਤੇ ਸੈਂਕੜੇ ਜਖਮੀ ਹੋਏ। ਜਿਸ ਦਾ ਕੇਸ ਅੱਜ ਵੀ ਅਦਾਲਤ ਵਿੱਚ ਚਲ ਰਿਹਾ ਹੈ। ਇਹ ਵਾਹਿਗੁਰੂ ਸੱਚੇ ਪਾਤਸ਼ਾਹ ਦਾ ਇਨਸਾਫ ਹੀ ਕਹਾਂਗੇ ਕਿ ਪੰਜ ਵਾਰ ਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣੀ ਆਖਰੀ ਜਿੰਦਗੀ ਦੌਰਾਨ ਵੀ ਮੁਲਜ਼ਮ ਦੀ ਹੈਸੀਅਤ ਵਿੱਚ ਚਲਾਣਾ ਕਰ ਗਿਆ ਪਰ ਸੁਖਬੀਰ ਸਿੰਘ ਬਾਦਲ ਅਜੇ ਵੀ ਅਦਾਲਤੀ ਕਟਹਿਰੇ ਵਿੱਚ ਖੜਾ ਹੈ। ਪਰ ਸਾਡੀ ਸੁਪਰੀਮ ਅਦਾਲਤ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਸੰਗੀਨ ਗੁਨਾਹ ਲਈ ਵੀ ਇਹਨਾਂ ਨੂੰ ਕਦੇ ਦੋਸ਼ੀ ਨਹੀਂ ਸਮਝਿਆ ਗਿਆ।

ਸਿੰਘ ਸਾਹਿਬ ਜੀਓ ਅਸੀਂ ਤੁਹਾਡੇ ਸਾਹਮਣੇ ਪਿਛਲੇ ਚਾਲੀ ਸਾਲ ਦੀ ਅਕਾਲੀ ਸਿਆਸਤ ਦੇ ਗੁਨਾਹਾਂ ਦਾ ਵਿਸਥਾਰ ਸਹਿਤ ਨਾਲ ਬਿਆਨ ਕੀਤਾ ਹੈ। ਜਿਸ ਵਿੱਚ ਅਕਾਲੀ ਸਰਕਾਰ ਦੇ ਦੋ ਮੁਖੀ ਰਹੇ ਹਨ। ਇਕ ਸ ਸੁਰਜੀਤ ਸਿੰਘ ਬਰਨਾਲਾ ਜੋ ਆਪਣੇ ਗੁਨਾਹਾਂ ਦੀ ਮਾਫੀ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਪੇਸ਼ ਹੋ ਕੇ ਮੰਗ ਚੁੱਕਿਆ ਹੈ। ਜਿਸ ਨੂੰ ਕਹਿ ਸਕਦੇ ਹਾਂ ਕਿ ਉਹ ਸੁਰਖਰੂ ਹੋ ਕੇ ਗਿਆ। ਪਰ ਦੂਜੇ ਸੰਨ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਜਿਉਂਦੇ ਜੀ ਅਜਿਹਾ ਕੋਈ ਯਤਨ ਨਹੀਂ ਕੀਤਾ। ਸਗੋਂ ਹਮੇਸ਼ਾਂ ਆਪਣੇ ਪਰਿਵਾਰ ਨੂੰ ਮੁੱਖ ਰੱਖਿਆ ਅਤੇ ਸਿੱਖ ਸੰਸਥਾਵਾਂ ਸਮੇਤ ਸਭ ਵਿਰੋਧੀਆਂ ਨੂੰ ਖਤਮ ਕਰਦਾ ਚਲਾ ਗਿਆ। ਉਸਦੇ ਰਾਜ ਕਾਲ ਵਿੱਚ ਸਿੱਖ ਸੰਸਥਾਵਾਂ ਕੀਰਨੇ ਤੇ ਨਿਤਾਣੀਆਂ ਹੋਈਆਂ ਪਰ ਡੇਰਾ ਭਨਿਆਰਾ ਵਾਲਾ, ਡੇਰਾ ਨੂਰਮਹਿਲ, ਡੇਰਾ ਸਿਰਸਾ ਅਤੇ ਹੋਰ ਕਈ ਡੇਰੇ ਨਾ ਸਿਰਫ ਮਜਬੂਤ ਹੋਏ ਸਗੋਂ ਸਿੱਖ ਪੰਥ ਦੇ ਸ਼ਰੀਕ ਬਣ ਕੇ ਉਭਰੇ। ਇਹਨਾਂ ਡੇਰੇਦਾਰਾਂ ਦੇ ਪੈਰਾਂ ਵਿੱਚ ਸਤਿਕਾਰ ਦੀਆਂ ਬਾਦਲ ਪਰਿਵਾਰ ਦੀਆਂ ਤਸਵੀਰਾਂ ਇੰਟਰਨੈੱਟ ਤੇ ਮੌਜੂਦ ਹਨ।

ਸਾਨੂੰ ਪਤਾ ਲੱਗਿਆ ਹੈ ਕਿ ਬਾਦਲ ਪ੍ਰਵਾਰ ਦੇ ਸਭ ਗੁਨਾਹਾਂ ਵਿੱਚ ਸ਼ਾਮਿਲ ਰਹੇ ਕੁੱਝ ਕੁ ਲੀਡਰਾਂ ਨੇ ਆਪਣੇ ਸਾਰੇ ਗੁਨਾਹਾਂ ਦਾ ਇਕਬਾਲੀਆ ਪੱਤਰ ਆਪ ਜੀ ਨੂੰ ਸੌਂਪਿਆ ਹੈ। ਬਾਕੀ ਸਾਰੇ ਗੁਨਾਹਾਂ ਦਾ ਵਿਸਥਾਰ ਨਾਲ ਅਸੀਂ ਉਪਰ ਬਿਆਨ ਕਰ ਦਿੱਤਾ ਹੈ। ਅਸੀਂ ਆਪ ਜੀ ਅਤੇ ਬਾਕੀ ਸਿੰਘ ਸਾਹਿਬਾਨ ਨੂੰ ਬੇਨਤੀ ਕਰਦੇ ਹਾਂ ਕਿ ਸਾਡੇ ਵੱਲੋਂ ਤਿਆਰ ਕੀਤੀ ਗਈ ਇਸ ਚਾਰਜਸ਼ੀਟ ਦੇ ਅਧਾਰ ਤੇ ਇਕਬਾਲੀਆ ਬਿਆਨ ਕਰਨ ਵਾਲੇ ਲੀਡਰਾਂ ਸਮੇਤ ਇਹਨਾਂ ਦੇ ਸਰਗਨਾ ਰਹੇ ਬਾਦਲ ਪਰਿਵਾਰ ਅਤੇ ਪੂਰੇ ਅਕਾਲੀ ਦਲ ਨੂੰ ਤਲਬ ਕਰ ਕੇ ਕਟਹਿਰੇ ਵਿੱਚ ਖੜਾ ਕਰਕੇ ਅਜਿਹੀ ਮਿਸਾਲੀ ਸਜਾ ਦਿੱਤੀ ਜਾਵੇ ਕਿ ਅੱਗੇ ਤੋਂ ਕੋਈ ਪ੍ਰਕਾਸ਼ ਸਿੰਘ, ਕੋਈ ਸੁਖਬੀਰ ਬਾਦਲ ਆਪਣਾ ਸਿਆਸੀ ਕਰੀਅਰ ਬਣਾ ਕੇ ਕੌਮੀ ਭਾਵਨਾਵਾਂ ਦਾ ਕਤਲ ਨਾ ਕਰ ਸਕੇ। ਅਸੀਂ ਇਹ ਵੀ ਆਸ ਕਰਦੇ ਹਾਂ 1920 ਵਾਲੇ ਜੁਝਾਰੂ ਅਕਾਲੀ ਦਲ ਨੂੰ ਨਵੀਂ ਲੀਡਰਸ਼ਿਪ ਦੀ ਅਗਵਾਈ ਵਿੱਚ ਮੁੜ ਸੁਰਜੀਤ ਕਰਨ ਲਈ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਨਵੰਬਰ 1920 ਵਰਗਾ ਸਰਬੱਤ ਖਾਲਸਾ ਸੰਮੇਲਨ ਸੱਦਿਆ ਜਾਵੇ। ਆਪ ਜੀ ਤੋਂ ਪਹਿਲੇ ਜਥੇਦਾਰਾਂ ਭਾਈ ਸਾਧੂ ਸਿੰਘ ਭੌਰਾ, ਪ੍ਰੋ ਦਰਸ਼ਨ ਸਿੰਘ ਅਤੇ ਪ੍ਰੋ ਮਨਜੀਤ ਸਿੰਘ ਹੁਰਾਂ ਨੇ ਵੀ ਸ਼੍ਰੋਮਣੀ ਅਕਾਲੀ ਦਲ ਨੂੰ ਮਜਬੂਤ ਕਰਨ ਲਈ ਆਪਣੇ ਅਹੁਦੇ ਦੀ ਵਰਤੋਂ ਕੀਤੀ ਸੀ। ਸਿੱਖ ਕੌਮ ਨੂੰ ਇਸ ਵੇਲੇ ਆਪਣੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੀ ਬਹੁਤ ਲੋੜ ਹੈ ਜੋ ਅਨੰਦਪੁਰ ਸਾਹਿਬ ਦੇ ਮਤੇ ਅਨੁਸਾਰ ਸਿੱਖਾਂ ਦੇ ਬੋਲ-ਬਾਲੇ ਲਈ ਕੰਮ ਕਰ ਸਕੇ। ਪਰ ਯਾਦ ਰਹੇ ਉਸ ਪਵਿੱਤਰ ਅਕਾਲੀ ਦਲ ਦੀ ਸੋਚ ਉਤੇ ਇਹਨਾਂ ਅਖੌਤੀ ਅਕਾਲੀ ਲੀਡਰਾਂ ਦਾ ਪਰਛਾਵਾਂ ਵੀ ਨਹੀਂ ਪੈਣਾ ਚਾਹੀਦਾ। ਨਹੀਂ ਤੇ ਇਤਿਹਾਸ ਸਾਨੂੰ ਸਾਰਿਆਂ ਨੂੰ ਇਹਨਾਂ ਵਾਂਗ ਹੀ ਕਾਲੇ ਅੱਖਰਾਂ ਵਿੱਚ ਯਾਦ ਕਰੇਗਾ।

ਆਸ ਕਰਦੇ ਹਾਂ ਕਿ ਸਾਡੀਆਂ ਬੇਨਤੀਆਂ ਨੂੰ ਕੌਮ ਦੀ ਅਵਾਜ ਸਮਝਕੇ ਆਪ ਜੀ ਇਸ ਦਾ ਗੰਭੀਰ ਨੋਟਿਸ ਲਵੋਗੇ ਅਤੇ ਸੰਬੰਧਤ ਮੁਲਜ਼ਮਾਂ ਨੂੰ ਮਿਸਾਲੀ ਸਜਾਵਾਂ ਦੇ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਜ਼ਮਤ ਵਿੱਚ ਹੋਰ ਵਾਧਾ ਕਰੋਗੇ, ਜਿਸ ਦੀ ਸੇਵਾ ਸਾਹਿਬ ਗੁਰੂ ਹਰਿਗੋਬਿੰਦ ਪਾਤਸ਼ਾਹ ਆਪ ਜੀ ਤੋਂ ਲੈ ਰਹੇ ਹਨ।

ਅਤਿ ਸਤਿਕਾਰ ਸਹਿਤ।
ਗੁਰੂ ਪੰਥ ਦੇ ਦਾਸ ਅਤੇ ਆਪ ਜੀ ਦੇ ਸ਼ੁਭਚਿੰਤਕ।
ਸ਼ਹੀਦ ਭਾਈ ਅਮਰੀਕ ਸਿੰਘ ਦੇ ਸਾਥੀ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ।

ਡਾਕਟਰ ਭਗਵਾਨ ਸਿੰਘ (99880-72124)
ਹਰਪ੍ਰੀਤ ਸਿੰਘ ਮਠੌਲ

ਆਵਾਜ਼ਿ ਕੌਮ AWAZE QAUM International Newspaper & WEB TV

### ਪਿੰਡ ਟੱਲੇਵਾਲ ਵਿਖੇ "ਗੁਰੂ ਦੀ ਗੋਲਕ" ਨਾਲ ਕੀਤੀ ਲੋੜਵੰਦਾ ਦੀ ਮਦਦ : ਭਾਨ ਸਿੰਘ ਜੱਸੀ

# ਪੰਜਾਬ ਵਿੱਚ ਚੱਲੇ ਗਰੀਬਾਂ ਦੇ ਹੱਕ ਵਿੱਚ ਇਹ ਲਹਿਰ



**ਬਰਨਾਲਾ , 15 ਜੁਲਾਈ (ਪੱਤਰ ਪ੍ਰੇਰਕ )**-ਪਿੰਡ ਟੱਲੇਵਾਲ ਵਿਖੇ ਮਨਰੇਗਾ ਮਜ਼ਦੂਰਾਂ ਅਤੇ ਹੋਰਨਾਂ ਇਕੱਠੀਆਂ ਹੋਈਆਂ ਸੰਗਤਾਂ ਵੱਲੋਂ ਸ੍ਰੀ ਜਪੁਜੀ ਸਾਹਿਬ ਦੇ ਪਾਠ ਅਤੇ ਸਿਮਰਨ ਦੀ ਸੇਵਾ ਉਪਰੰਤ ਇਕੱਤਰ ਹੋਈ ਦਸਵੰਧ ਦੀ ਰਾਸੀ ਨਾਲ 5 ਲੋੜਵੰਦ ਭੈਣਾਂ ਦੀ ਸਹਾਇਤਾ ਕੀਤੀ ਗਈ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸ੍ਰੀ ਗੁਰੂ ਨਾਨਕ ਸਲੰਮ ਸੇਵਾ ਮਿਸ਼ਨ (ਪੰਜਾਬ) ਦੇ ਮੁੱਖ ਸੇਵਾਦਾਰ ਸਮਾਜ ਸੇਵੀ ਭਾਨ ਸਿੰਘ ਜੱਸੀ ਨੇ ਦੱਸਿਆ ਕਿ ਪਿੰਡ ਵਿੱਚ ਵੱਡੀ ਗਿਣਤੀ ਮਜ਼ਦੂਰ ਅਤੇ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਪਿਆਰ ਕਰਨ ਵਾਲੇ ਲੋਕ ਇਕੱਠੇ ਹੋਏ ਸਨ।ਸਾਰੀਆਂ ਸੰਗਤਾਂ ਵੱਲੋਂ ਗੁਰੂ ਸਾਹਿਬ ਦੇ ਜਾਪ ਉਪਰੰਤ ਆਪਣੀ ਆਪਣੀ ਸਮਰੱਥਾ ਅਨੁਸਾਰ ਗੁਰੂ ਸਾਹਿਬ ਦੀ ਗੋਲਕ ਵਿੱਚ ਯੋਗਦਾਨ ਪਾਇਆ ਗਿਆ। ਸਮਾਜ ਸੇਵੀ ਭਾਨ ਸਿੰਘ ਜੱਸੀ ਨੇ ਖੁਸ਼ੀ ਜਾਹਰ ਕਰਦਿਆਂ ਦੱਸਿਆ ਕਿ ਤੁਰੰਤ ਹੀ ਸੰਗਤਾਂ ਵਿੱਚੋਂ ਪੰਜ ਲੋੜਵੰਦ ਅਤੇ ਬੀਮਾਰ ਭੈਣਾਂ ਦੀ ਚੋਣ ਕਰਕੇ ਦਸਵੰਧ ਦੀ ਸੇਵਾ ਸੰਗਤਾਂ ਦੀ ਹਾਜ਼ਰੀ ਵਿੱਚ ਉਹਨਾਂ ਨੂੰ ਵੰਡਕੇ , ਗੁਰੂ ਸਾਹਿਬ ਵੱਲੋਂ ਗਰੀਬਾਂ ਦੇ ਹੱਕ ਵਿੱਚ ਦਿੱਤੀ ਲੋਕ ਪੱਖੀ ਵਿਚਾਰਧਾਰਾ " ਗੁਰੂ ਦੀ ਗੋਲਕ , ਗਰੀਬ ਦਾ ਮੂੰਹ " ਦੇ ਮਹਾਨ ਸ਼ਬਦਾਂ ਨੂੰ ਅਮਲਾਂ ਵਿੱਚ ਲਾਗੂ ਕੀਤਾ ਗਿਆ।ਭਾਨ ਸਿੰਘ ਜੱਸੀ ਨੇ ਸਿੱਖ ਵਰਗ ਅਤੇ ਇਨਸਾਨੀਅਤ ਪੱਖੀ ਲੋਕਾਂ ਨੂੰ ਅਪੀਲ ਕੀਤੀ ਕਿ ਉਹਨਾਂ ਨੂੰ ਸਰਬੱਤ ਦੇ ਭਲੇ ਦੇ ਸੰਕਲਪ ਨੂੰ ਮਜਬੂਤ ਕਰਨ ਲਈ ਸੰਗਠਿਤ ਹੋਕੇ ਗੁਰੂ ਨਾਨਕ ਬਾਬਾ ਜੀ ਦੀ " ਭਾਈ ਲਾਲੋਆਂ " ਪੱਖੀ ਵਿਚਾਰਧਾਰਾ ਨੂੰ ਅਮਲਾਂ ਵਿੱਚ ਲਾਗੂ ਕਰਨ ਦੇ ਰਾਹ ਪੈਣਾ ਚਾਹੀਦਾ ਹੈ। ਪਿੰਡ ਦੀਆਂ ਸੰਗਤਾਂ ਵੱਲੋਂ ਸਮਾਜ ਸੇਵੀ ਭਾਨ ਸਿੰਘ ਜੱਸੀ , ਭਾਈ ਤੇਜਿੰਦਰ ਸਿੰਘ ਸਿਕਰਾਮੈਂਟੋ , ਮਜ਼ਦੂਰ ਆਗੂ ਭੋਲਾ ਸਿੰਘ ਕਲਾਲਮਾਜਰਾ ਅਤੇ ਸਿਮਰਨ ਦੀ ਸੇਵਾ ਕਰਨ ਵਾਲੇ ਬਾਬਾ ਹਰਮਿੰਦਰ ਸਿੰਘ ਆਦਿ ਸ਼ਖਸੀਅਤਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸਿੰਗਾਰਾ ਸਿੰਘ, ਗੁਰਜੰਟ ਸਿੰਘ , ਬਲਬੀਰ ਸਿੰਘ , ਗੁਰਪ੍ਰੀਤ ਸਿੰਘ ਜੱਸੀ , ਵੀਰਪਾਲ ਕੌਰ , ਕਾਕਾ ਸਿੰਘ ਆਦਿ ਮਜ਼ਦੂਰ ਆਗੂ ਹਾਜ਼ਰ ਸਨ।

### 'ਖਾਲਸਾ ਐਵਿਨਿਊ ਕਲੋਨੀ' ਵਿਖੇ

# 'ਦੀਵਾਨ ਟੋਡਰ ਮੱਲ ਯਾਦਗਾਰੀ ਸੇਵਾ ਸੋਸਾਇਟੀ ਨੇ ਲਗਾਏ ਬੂਟੇ'

**ਚੌਕ ਮਹਿਤਾ, 16 ਜੁਲਾਈ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਜਿੱਥੇ ਪਿਛਲੇ ਲੰਬੇ ਸਮੇਂ ਤੋਂ 'ਦੀਵਾਨ ਟੋਡਰਮੱਲ ਯਾਦਗਾਰੀ ਸੇਵਾ ਸੁਸਾਇਟੀ' ਵੱਲੋਂ ਵੱਖ-ਵੱਖ ਪਿੰਡਾਂ, ਸ਼ਹਿਰਾਂ, ਕਸਬਿਆਂ ਆਦਿ 'ਚ ਜਾ ਕੇ ਆਪਣੀ ਦਸਵੰਧ ਰੂਪੀ ਕਿਰਤ ਕਮਾਈ ਚੋਂ ਨਿਸ਼ਕਾਮ ਸੇਵਾ ਕਰਦੇ ਹੋਏ ਵਾਤਾਵਰਣ ਨੂੰ ਬਚਾਉਣ ਲਈ ਵੱਖ ਵੱਖ ਤਰ੍ਹਾਂ ਦੇ ਬੂਟੇ ਲਗਾ ਕੇ ਸ਼ਲਾਗਾਯੋਗ ਕੰਮ ਕੀਤਾ ਜਾ ਰਿਹਾ ਹੈ । ਜਾਣਕਾਰੀ ਦਿੰਦੇ ਹੋਏ 'ਸੰਸਥਾ ਅਮਰ ਖਾਲਸਾ ਫਾਊਂਡੇਸ਼ਨ' ਦੇ ਪ੍ਰਧਾਨ ਭਾਈ ਅਵਤਾਰ ਸਿੰਘ ਖਾਲਸਾ ਨੇ ਦੱਸਿਆ ਕਿ ਅਸੀਂ 'ਦੀਵਾਨ ਟੋਡਰਮੱਲ ਯਾਦਗਾਰੀ ਸੇਵਾ ਸੁਸਾਇਟੀ' ਦੇ ਪ੍ਰਮੁੱਖ ਭਾਈ ਖੁਸ਼ਵੰਤ ਸਿੰਘ ਬਾਬਾ ਰਾਜੂ ਜੀ ਨੂੰ ਕਲੋਨੀ 'ਚ ਵੱਖ-ਵੱਖ ਤਰ੍ਹਾਂ ਦੇ ਬੂਟੇ ਲਗਾਉਣ ਦੀ ਬੇਨਤੀ ਕੀਤੀ ਸੀ ਜਿੱਥੇ ਅੱਜ ਅੰਮ੍ਰਿਤਸਰ ਸਾਹਿਬ ਦੇ ਹਲਕਾ ਦੱਖਣੀ 'ਚ ਭਾਈ ਮੰਝ ਸਾਹਿਬ ਰੋਡ 'ਖਾਲਸਾ ਐਵਨਿਊ ਕਲੋਨੀ' ਵਿਖੇ ਸੇਵਾ ਸੋਸਾਇਟੀ ਦੇ ਸਮੂਹ ਮੈਂਬਰਾਂ ਨੇ ਸਮੇਤ ਆਪਣੀ ਟੀਮ ਪਹੁੰਚ ਕੇ ਵੱਖ ਵੱਖ ਤਰ੍ਹਾਂ ਦੇ ਬੂਟੇ ਲਗਾਏ ਜਿਨਾਂ ਵਿੱਚ- ਨਿੰਮ, ਧਰੇਕ, ਜਾਮਨ, ਸੁਖਚੈਨ, ਤੂਤ, ਟਾਹਲੀ, ਸੁਹੰਜਣਾ, ਜਗਰੰਡਾ, ਆਦਿ ਕਈ ਤਰ੍ਹਾਂ ਦੇ ਫਲਦਾਰ, ਫੁੱਲਦਾਰ ਅਤੇ ਛਾਂਦਾਰ ਬੂਟੇ ਲਗਾਏ ਗਏ। ਗੱਲਬਾਤ ਕਰਦੇ ਹੋਏ ਭਾਈ ਖੁਸ਼ਵੰਤ ਸਿੰਘ ਨੇ ਕਿਹਾ ਕਿ ਆਏ ਦਿਨ ਹੀ ਰੁੱਖਾਂ ਦੀ ਕਟਾਈ ਹੋਣ ਕਰਕੇ ਵਾਤਾਵਰਣ ਪ੍ਰਦੂਸ਼ਿਤ ਹੋ ਰਿਹਾ ਹੈ ਜਿਸ ਕਰਕੇ ਹਵਾ ਅਤੇ ਵਾਤਾਵਰਨ ਖਰਾਬ ਹੋ ਰਿਹਾ ਹੈ ਜਿਸ ਨੂੰ ਬਚਾਉਣਾ ਸਮੇਂ ਦੀ ਮੁੱਖ ਲੋੜ ਹੈ। ਇਸ ਮੌਕੇ ਫਾਊਂਡੇਸ਼ਨ ਪ੍ਰਧਾਨ ਭਾਈ ਅਵਤਾਰ ਸਿੰਘ ਖਾਲਸਾ ਨੇ ਕਿਹਾ ਕਿ 'ਸੰਸਥਾ ਦੀਵਾਨ ਟੋਡਰ ਮੱਲ ਯਾਦਗਾਰੀ ਸੇਵਾ ਸੁਸਾਇਟੀ' ਦੇ ਅਸੀਂ ਅਤੀ ਧੰਨਵਾਦੀ ਹਾਂ ਜਿਨਾਂ ਨੇ ਪਹਿਲ ਕਦਮੀ ਕਰਦੇ ਹੋਏ ਸਾਡੀ 'ਖਾਲਸਾ ਐਵਨਿਊ ਕਲੋਨੀ' ਚ 50 ਦੇ ਕਰੀਬ ਵੱਖ-ਵੱਖ ਤਰਾਂ ਦੇ ਬੂਟੇ ਲਗਾਉਣ ਦਾ ਉਪਰਾਲਾ ਕੀਤਾ ਹੈ। ਭਾਈ ਖਾਲਸਾ ਨੇ ਕਿਹਾ ਕਿ ਜਿਸ ਤਰ੍ਹਾਂ ਦਿਨ-ਬ-ਦਿਨ ਤਾਪਵਾਨ ਵੱਧ ਰਿਹਾ ਹੈ ਅਤੇ ਹਵਾ ਪ੍ਰਦੂਸ਼ਿਤ ਹੋ ਰਹੀ ਹੈ ਜੇਕਰ ਅਸੀਂ ਸਮਾਂ ਰਹਿੰਦਿਆਂ ਵਾਤਾਵਰਨ ਪ੍ਰਤੀ ਆਪਣੀ ਜਿੰਮੇਵਾਰੀ ਨੂੰ ਸੰਜੀਦਾ ਢੰਗ ਨਾਲ ਨਾ ਲਿਆ ਤਾਂ ਭਵਿੱਖ ਵਿੱਚ ਸਾਨੂੰ ਹੋਰ ਵੀ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ। ਭਾਈ ਖਾਲਸਾ ਨੇ ਸਮਾਜ ਨੂੰ ਸੁਨੇਹਾ ਦਿੰਦਿਆਂ ਕਿਹਾ ਕਿ ਹਰ ਮਨੁੱਖ ਨੂੰ ਕੁਦਰਤ ਨਾਲ ਪਿਆਰ ਕਰਦੇ ਹੋਏ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਅਤੇ ਪਾਣੀ ਨੂੰ ਵੀ ਸੀਮਤ ਢੰਗ ਨਾਲ ਵਰਤਣਾ ਚਾਹੀਦਾ ਹੈ। ਭਾਈ ਖਾਲਸਾ ਅਤੇ ਭਾਈ ਖੁਸ਼ਵੰਤ ਸਿੰਘ ਨੇ ਸਾਂਝੇ ਤੌਰ ਤੇ ਇਲਾਕਾ ਨਿਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਾਨੂੰ ਹਰੇਕ ਵਿਅਕਤੀ ਨੂੰ ਘੱਟੋ ਘੱਟ ਪੰਜ ਰੁੱਖ ਲਗਾਉਣੇ ਚਾਹੀਦੇ ਹਨ ਅਤੇ ਉਨਾਂ ਦੀ ਸਾਂਭ ਸੰਭਾਲ ਨੂੰ ਵੀ ਜਿੰਮੇਵਾਰੀ ਨਾਲ ਯਕੀਨੀ ਬਣਾਉਣਾ ਚਾਹੀਦਾ ਹੈ ਤਾਂ ਜੋ ਵਾਤਾਵਰਨ ਸਬੰਧੀ ਇੱਕ ਚੰਗੇ ਸਮਾਜ ਦੀ ਸਿਰਜਣਾ ਹੋ ਸਕੇ ਇਸ ਮੌਕੇ ਸਮੂਹ ਕਲੋਨੀ ਨਿਵਾਸੀ ਹਾਜ਼ਰ ਸਨ।



### 'ਸੁਸਾਇਟੀ ਵੱਲੋਂ ਬੂਟੇ ਲਗਾ ਕੇ ਕੀਤੇ ਜਾ ਰਹੇ ਕਾਰਜ ਸ਼ਲਾਗਾ ਯੋਗ' : ਭਾਈ ਖਾਲਸਾ

# ਨਸ਼ਾ ਕਰਨ ਵਾਲੇ ਨੌਜਵਾਨਾਂ ਦੀਆਂ ਔਲਾਦਾਂ ਜਮਾਂਦਰੂ ਬਿਮਾਰੀਆਂ ਨਾਲ ਪੀੜਿਤ ਪੈਦਾ ਹੋ ਰਹੀਆਂ ਨੇ

ਨੌਜਵਾਨ ਨਸ਼ਾ ਕਰਦਾ ਹੋਵੇ, ਉਹਤੋਂ ਬਾਅਦ ਵਿਆਹ ਕਰਵਾ ਲਵੇ । ਫੇਰ ਬੱਚਾ ਜਮਾਂਦਰੂ ਵੱਡੀ ਬਿਮਾਰੀ ਲੈ ਕੇ ਪੈਦਾ ਹੋਵੇ । ਇਸ ਸਥਿਤੀ ਵਿੱਚ ਇਹ ਆਮ ਗੱਲ ਹੈ। ਇਸ ਦਾ ਸਿੱਧਾ ਜਿੰਮੇਵਾਰ ਨਸ਼ਾ ਕਰਨ ਵਾਲਾ ਪਿਓ ਹੈ । ਮਾਹਰ ਡਾਕਟਰਾਂ ਦੀ ਰਿਸਰਚ ਦੱਸਦੀ ਹੈ ਕਿ ਨਸ਼ਾ ਕਰਨ ਦੇ ਆਦੀ ਨੌਜਵਾਨਾਂ ਦੇ ਜੀਨਸ ਵਿੱਚ ਦਿੱਕਤ ਹੋਣ ਕਰਕੇ ਜਮਾਂਦਰੂ ਬੱਚੇ ਰੋਗੀ ਪੈਦਾ ਹੋ ਰਹੇ ਨੇ । ਇਸ ਤਰ੍ਹਾਂ ਦੇ ਤਿੰਨ ਮਸਲੇ ਮੈਂ ਆਪਣੇ ਸਾਹਮਣੇ ਦੇਖ ਰਿਹਾ ਜਿਸ ਵਿੱਚ ਪਿਤਾ ਨਸ਼ੇ ਦਾ ਆਦੀ ਹੈ । ਤੇ ਬੱਚੇ ਜਮਾਂਦਰੂ ਰੋਗੀ ਪੈਦਾ ਹੋਏ ਹੋਣ । ਉਦਾਹਰਨ ਦਿੰਦਿਆਂ ਨਾਮ ਤੇ ਪਿੰਡ ਜਨਤਕ ਨਹੀਂ ਕੀਤੇ ਜਾ ਸਕਦੇ ਕਿਉਂਕਿ ਕਿਸੇ ਪਰਿਵਾਰ ਨੂੰ ਨੀਵਾਂ ਦਿਖਾਉਣਾ ਮੇਰਾ ਮਕਸਦ ਨਹੀਂ । ਸਮਾਜ ਦੇ ਸਾਹਮਣੇ ਕੌੜੀ ਹਕੀਕਤ ਲਿਆਉਣਾ ਮੇਰਾ ਅਸਲ ਟੀਚਾ । ਹੋ ਸਕਦਾ ਖਬਰ ਪੜਨ ਤੋਂ ਬਾਅਦ ਕਿਸੇ ਨਸ਼ੇੜੀ ਨੌਜਵਾਨ ਦੇ ਖਾਨੇ ਗੱਲ ਪੈ ਜਾਵੇ । ਉਹ ਨਸ਼ਾ ਤਿਆਗ ਦੇਵੇ । ਖਬਰ ਪੜ੍ਹ ਕੇ ਜੇ ਕਿਸੇ ਇੱਕ ਨੌਜਵਾਨ ਨੇ ਵੀ ਨਸ਼ਾ ਛੱਡ ਦਿੱਤਾ ਤਾਂ ਮੈਂ ਲਿਖੀ ਖਬਰ ਦਾ ਮਕਸਦ ਕਾਮਯਾਬ ਸਮਝਾਂਗਾ । ਹੁਣ ਮੈਂ ਤੁਹਾਨੂੰ ਦੱਸਦਾ ਕਿ ਜਿਹੜੇ ਨੌਜਵਾਨ ਨਸ਼ਾ ਕਰਦੇ ਨੇ ਉਹਨਾਂ ਦੇ ਬੱਚਿਆਂ ਨੂੰ ਕਿਹੜੇ ਕਿਹੜੇ ਜਮਾਂਦਰੂ ਸਮੱਸਿਆਵਾਂ ਆ ਰਹੀਆਂ ਨੇ ਇੱਕ ਨਸ਼ੇ ਦੇ ਆਦੀ ਪਿਓ ਦੇ ਬੱਚੇ ਮਾਨਸਿਕ ਰੋਗੀ ਹਨ । ਘਰ ਦੇ ਹਾਲਾਤ ਕੁਝ ਇਸ ਤਰ੍ਹਾਂ ਦੇ ਹੋ ਗਏ ਕਿ ਵਿਆਹੀ ਹੋਈ ਧੀ ਛੱਡ ਦਿੱਤੀ ਸਹਰਿਆਂ ਨੇ ਇਹ ਕਹਿ ਕਿ ਕੁੜੀ ਮਾਨਸਿਕ ਤੌਰ ਤੇ ਰੋਗੀ ਹੈ । ਇੱਕ ਹੋਰ ਨਸ਼ਾ ਕਰਨ ਵਾਲੇ ਪਿਓ ਦੇ ਬੱਚੇ ਦੇ ਦਿਮਾਗ ਦੇ ਹੁਣ ਤੱਕ ਕਈ ਅਪਰੇਸ਼ਨ ਹੋ ਚੁੱਕੇ ਹਨ ਉਸ ਨੂੰ ਦੌਰੇ ਪੈਂਦੇ ਹਨ । ਇੱਕ ਹੋਰ ਨਸ਼ੇੜੀ ਪਿਓ ਦਾ ਬੱਚਾ ਜੋ ਹਾਲੇ ਨਮ ਜੰਮਿਆ ਹੀ ਹੈ । ਪਰ ਉਸਦੇ ਨਿਕਾਸੀ ਪਖਾਨੇ ਵਿਚ ਪ੍ਰੋਬਲਮ ਹੈ । ਆਰਜੀ ਨਿਕਾਸੀ ਢਿੱਡ ਰਾਹੀਂ ਕੀਤੀ ਗਈ । ਖਬਰ ਲਿਖਣ ਦਾ ਮਕਸਦ ਸਿਰਫ ਇਨਾ ਹੈ ਕਿ ਇਹ ਕੌੜੀ ਸੱਚਾਈ ਸਮਾਜ ਦੇ ਸਾਹਮਣੇ ਆਵੇ । ਔਰ ਜੋ ਜਾਗਰੂਕ ਕਰਨ ਵਾਲੇ ਭੈਣ ਭਰਾ ਇਸ ਗੱਲ ਦੀਆਂ ਦੁਹਾਈਆਂ ਦੇ ਰਹੇ ਸਨ ਕਿ ਨਸ਼ੇੜੀਆਂ ਦੇ ਬੱਚੇ ਪੈਦਾ ਨਹੀਂ ਹੋਣਗੇ ਜਾਂ ਰੋਗੀ ਪੈਦਾ ਹੋਣਗੇ । ਇਹ ਸਾਰਾ ਕੁਝ ਬਿਲਕੁਲ ਸੱਚ ਸਮਾਜ ਦੇ ਵਿੱਚ ਹੋ ਰਿਹਾ ਹੈ ।




**-ਪਰਗਟ ਸਿੰਘ ਬਲਬੇੜ੍ਹਾ, 9022000070**

# ਪੰਜਾਬ ਅੰਦਰ ਡੀ ਏ ਪੀ ਘੁਟਾਲੇ ਦੇ ਦੋਸੀਆ ਨੂੰ ਸਖਤ ਸਜਾ ਮਿਲੇ : ਕਰਨੈਲ ਸਿੰਘ ਪੀਰਮੁਹੰਮਦ



**ਮੱਖੂ, 16 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸ੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਬੁਲਾਰੇ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਹੈ ਕਿ ਲੰਘੀਆਂ ਚੋਣਾਂ ਦੌਰਾਨ ਪੰਜਾਬ ਦੀਆਂ ਸਹਿਕਾਰੀ ਸਭਾਵਾਂ ਨੂੰ ਸਪਲਾਈ ਹੋਣ ਵਾਲੀ ਡੀਏਪੀ ਦੇ ਨਮੂਨਿਆਂ ਦੀ ਜਾਂਚ ਕੀਤੀ ਗਈ, ਜਿਸ ਦੇ ਨਮੂਨੇ ਫੇਲ੍ਹ ਪਾਏ ਗਏ, ਇਸ ਨਕਲੀ ਡੀਏਪੀ ਦੇ ਘੁਟਾਲੇ ਦੀ ਪਹਿਲਾਂ ਖੇਤੀਬਾੜੀ ਮਹਿਕਮੇ ਦੇ ਉੱਚ ਅਧਿਕਾਰੀਆਂ ਵੱਲੋਂ ਅੰਦਰੇ ਹੀ ਦਬਾਉਣ ਦੀ ਕੋਸ਼ਿਸ਼ ਵੀ ਕੀਤੀ ਗਈ, ਪਰ ਇਹ ਮਾਮਲਾ ਹੁਣ ਜਨਤਕ ਹੋਣ 'ਤੇ ਪੰਜਾਬ ਦਾ ਖੇਤੀਬਾੜੀ ਵਿਭਾਗ ਸ਼ੱਕ ਦੇ ਘੇਰੇ 'ਚ ਹੈ ਤੇ ਖੇਤੀਬਾੜੀ ਮੰਤਰੀ ਵੱਲੋਂ ਇਸ ਮੁੱਦੇ ਨੂੰ ਠੰਢੇ ਬਸਤੇ ਪਾਉਣ ਲਈ ਡੀਏਪੀ ਸਪਲਾਈ ਕਰਨ ਵਾਲੀਆਂ ਦੋ ਕੰਪਨੀਆਂ 'ਤੇ ਬੈਨ ਲਗਾ ਦਿੱਤਾ ਗਿਆ ਹੈ, ਪਰ ਕੀ ਇਹ ਅਸਲ ਮੁੱਦੇ ਦਾ ਹੱਲ ਹੈ ? ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਇਸ ਡੀ ਏ ਪੀ ਘੁਟਾਲੇ ਬਾਰੇ ਸਖਤ ਕਾਰਵਾਈ ਦੀ ਮੰਗ ਕਰਦਿਆ ਕਿਹਾ ਕਿ ਇਸ ਸਮੇ ਸੂਬੇ ਵਿੱਚ ਭਾਰੀ ਮੀਂਹ ਦੇ ਚੱਲਦਿਆਂ ਝੋਨਾ ਡੁੱਬ ਚੁੱਕਿਆ ਹੈ ਤੇ ਨਰਮੇ ਦੀ ਫਸਲ ਨੂੰ ਗੁਲਾਬੀ ਸੁੰਡੀ ਪੈਣ ਕਰਕੇ ਕਿਸਾਨਾਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰ ਰਹੇ ਹਨ, ਸੂਬੇ ਦੀ ਆਪ ਸਰਕਾਰ ਕਿਸਾਨਾਂ ਦੀ ਸਾਰ ਲੈਣ ਦੀ ਬਜਾਇ ਟੋਟਕਿਆਂ ਨਾਲ ਕੰਮ ਚਲਾਉਣ ਬਾਰੇ ਸੋਚ ਰਹੀ ਹੈ । ਕਿਸਾਨਾਂ ਨੂੰ ਫਸਲੀ ਚੱਕਰ 'ਚੋਂ ਕੱਢਣ ਤੇ ਖੇਤੀਬਾੜੀ ਦੇ ਸੁਧਾਰ ਲਈ ਸਰਕਾਰ ਵੱਲੋਂ ਕੋਈ ਪੁਖਤਾ ਕਦਮ ਨਹੀਂ ਚੁੱਕੇ ਜਾ ਰਹੇ।

# ਖੱਬੇਰਾਜਪੂਤਾਂ ਦੇ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਨੌਜਵਾਨਾਂ ਵੱਲੋਂ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ



**ਚੌਕ ਮਹਿਤਾ, 16 ਜੁਲਾਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਅੱਜ ਪਿੰਡ ਖੱਬੇਰਾਜਪੂਤਾਂ ਦੇ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਪਿੰਡ ਦੇ ਨੌਜਵਾਨਾਂ ਵੱਲੋਂ ਇਕੱਤਰ ਹੋ ਕੇ ਠੰਡੇ ਮਿੱਠੇ ਜਲ ਦੀ ਛਬੀਲ ਅਤੇ ਚਾਹ ਪਕੌੜਿਆਂ ਦਾ ਲੰਗਰ ਲਗਾਇਆ ਗਿਆ ਅਤੇ ਨੌਜਵਾਨ ਪੀੜੀ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਧਾਨ ਗੁਰਅੰਮ੍ਰਿਤਪਾਲ ਸਿੰਘ,ਪ੍ਰਧਾਨ ਗੁਰਵਿੰਦਰ ਸਿੰਘ ਬੱਲ , ਸਕੱਤਰ ਹਰਵਿੰਦਰ ਸਿੰਘ,ਉਪਕਾਰਦੀਪ ਸਿੰਘ ਬੱਲ,ਹਜੂਰ ਸਿੰਘ ਬੱਲ,ਗੁਰਬਿੰਦਰ ਸਿੰਘ ਬੱਲ,ਪ੍ਰਧਾਨ ਬਲਜੀਤ ਸਿੰਘ,ਹਰਮਨ ਸਿੰਘ,ਹਰਮੀਤ ਸਿੰਘ ਫੌਜੀ,ਅਮਨਦੀਪ ਸਿੰਘ ਫੌਜੀ,ਪ੍ਰਧਾਨ ਤਰਲੋਚਨ ਸਿੰਘ,ਸੋਢੀ ਬੱਲ,ਜੱਸਾ ਬੱਲ,ਗੁਰਪਾਲ ਸਿੰਘ ਬੱਲ,ਜੋਬਨ ਰੰਧਾਵਾ,ਪ੍ਰਧਾਨ ਜੋਗਾ ਸਿੰਘ ਬੱਲ,ਪ੍ਰਧਾਨ ਪਰਮਜੀਤ ਸਿੰਘ,ਗੁਰਪਾਲ ਸਿੰਘ,ਜੁਗਰਾਜ ਸਿੰਘ,ਸਤਨਾਮ ਸਿੰਘ ਸੱਤਾ,ਜੋਤ ਸੰਧੂ ਆਦਿ ਹਾਜ਼ਿਰ ਸਨ।

# ਸੀਨੀ. ਪੱਤਰਕਾਰ ਮਹਿੰਦਰ ਸਿੰਘ ਰੂਪ ਜਲਦੀ ਹੀ ਰਸਮੀ ਤੌਰ 'ਤੇ ਭਾਜਪਾ 'ਚ ਹੋਣਗੇ ਸ਼ਾਮਿਲ



**ਤਲਵੰਡੀ ਸਾਬੋ, 16 ਜੁਲਾਈ (ਗੁਰਜੰਟ ਸਿੰਘ ਨਥੇਹਾ)**-ਇੱਕ ਦਹਾਕਾ ਰੋਜਾਨਾ ਅਜੀਤ ਲਈ ਸੇਵਾਵਾਂ ਨਿਭਾ ਚੁੱਕੇ ਸੀਨੀਅਰ ਪੱਤਰਕਾਰ ਮਹਿੰਦਰ ਸਿੰਘ ਰੂਪ ਭਾਗੀਵਾਂਦਰ ਜੋ ਪਿਛਲੇ ਕਰੀਬ 45 ਸਾਲਾਂ ਤੋਂ ਲਗਾਤਾਰ ਕਾਂਗਰਸ ਪਾਰਟੀ ਦੇ ਵਫਾਦਾਰ ਸਿਪਾਹੀ ਵੀ ਰਹੇ ਹਨ ਜਲਦੀ ਹੀ ਰਸਮੀ ਤੌਰ 'ਤੇ ਭਾਜਪਾ 'ਚ ਸ਼ਾਮਿਲ ਹੋਣਗੇ। ਵਟਸਐਪ ਗਰੁੱਪ ਰਾਹੀਂ ਪ੍ਰੈਸ ਨੂੰ ਭੇਜੇ ਇੱਕ ਪ੍ਰੈਸ ਬਿਆਨ 'ਚ ਸ. ਰੂਪ ਨੇ ਕਿਹਾ ਕਿ ਉਹ ਪੰਜਾਬ ਦੇ ਸਵਰਗੀ ਮੁੱਖ ਮੰਤਰੀ ਸ. ਬੇਅੰਤ ਸਿੰਘ ਦੇ ਪੋਤਰੇ ਕੇਂਦਰੀ ਰੇਲ ਅਤੇ ਫੂਡ ਪ੍ਰੋਸੈਸਿੰਗ ਰਾਜ ਮੰਤਰੀ ਸ. ਰਵਨੀਤ ਸਿੰਘ ਬਿੱਟੂ ਵੱਲੋਂ ਭਾਜਪਾ 'ਚ ਲਗਨ ਨਾਲ ਨਿਭਾਈ ਜਾ ਰਹੀ ਕੁਸ਼ਲ ਕਾਰਜ ਸ਼ੈਲੀ ਤੋਂ ਕਾਫੀ ਪ੍ਰਭਾਵਿਤ ਹੋਏ ਹਨ। ਪਿਛਲੇ ਦਿਨੀ ਸ. ਰਵਨੀਤ ਸਿੰਘ ਬਿੱਟੂ ਵੱਲੋਂ ਕੇਂਦਰੀ ਵਿੱਤ ਮੰਤਰੀ ਸ੍ਰੀਮਤੀ ਨਿਰਮਲਾ ਸੀਤਾ ਰਮਨ ਨਾਲ ਇੱਕ ਮੁਲਾਕਾਤ ਦੌਰਾਨ ਸਰਹੱਦੀ ਸੂਬੇ ਪੰਜਾਬ ਰਾਜ ਲਈ ਲੋੜੀਦੀਆਂ ਹੋਰ ਸਹੂਲਤਾਂ ਦੇਣ ਸਬੰਧੀ ਵਿਸ਼ੇਸ਼ ਪੈਕੇਜ ਦੀ ਮੰਗ ਕੀਤੀ ਗਈ ਸੀ। ਸ. ਰੂਪ ਨੇ ਸਪਸ਼ਟ ਕੀਤਾ ਕਿ ਉਹ ਸਵਰਗੀ ਮੁੱਖ ਮੰਤਰੀ ਬੇਅੰਤ ਸਿੰਘ ਦੇ ਸਮੁੱਚੇ ਪਰਿਵਾਰ ਦਾ ਬਹੁਤ ਸਤਿਕਾਰ ਕਰਦੇ ਹਨ।


# ਜਨਮ ਦਿਨ ਮੁਬਾਰਕ





**ਪਰਦੀਪ ਕੁਮਾਰ**

ਪਿਤਾ ਰਮੇਸ਼ ਕੁਮਾਰ, ਮਾਤਾ ਪਰਵੀਨ

ਵਾਸੀ ਅੰਮ੍ਰਿਤਸਰ

ਆਵਾਜ਼ਿ ਕੌਮ AWAZE QAUM International Newspaper & WEB TV

# ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਲਾਸਾਨੀ ਸ਼ਹਾਦਤ ਨੂੰ ਕੋਟਿ ਕੋਟਿ ਪ੍ਰਣਾਮ







## ਵੱਲੋਂ : ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਦੇ ਸਮਾਜ ਪ੍ਰਧਾਨ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ

## ਜਾਰੀ ਕਰਤਾ : ਬਾਬਾ ਸੁਖਵੰਤ ਸਿੰਘ ਚੰਨਣਕੇ




--✶ ਵੱਲੋਂ ✶--

## ਸਮਾਜ ਸੇਵੀ ਹਰਜਿੰਦਰ ਸਿੰਘ ਰੰਧਾਵਾ ਜਲਾਲ ਉਸਮਾ

## ਜਿਲਾ ਵਾਈਸ ਪ੍ਰਧਾਨ ਵਪਾਰ ਮੰਡਲ,

## ਪੀ. ਏ. ਸ਼੍ਰੀ ਵਿਨੀਤ ਵਰਮਾ

**ਜਾਰੀ ਕਰਤਾ : ਬਾਬਾ ਸੁਖਵੰਤ ਸਿੰਘ ਚੰਨਣਕੇ, ਚੌਕ ਮਹਿਤਾ**

### ਸ਼ਹੀਦ ਭਗਤ ਸਿੰਘ ਨਸ਼ਾ ਵਿਰੋਧੀ ਮੰਚ ਤਲਵੰਡੀ ਸਾਬੋ ਨੇ

# ਗੁਰੂ ਹਰਗੋਬਿੰਦ ਪਬਲਿਕ ਸਕੂਲ ਲਹਿਰੀ ਵਿਖੇ ਲਾਇਆ ਸੈਮੀਨਾਰ ਤੇ ਵੰਡੇ ਪੌਦੇ




**ਤਲਵੰਡੀ ਸਾਬੋ, 16 ਜੁਲਾਈ (ਗੁਰਜੰਟ ਸਿੰਘ ਨਥੇਹਾ)**-ਸ਼ਹੀਦ ਭਗਤ ਸਿੰਘ ਨਸ਼ਾ ਵਿਰੋਧੀ ਮੰਚ ਤਲਵੰਡੀ ਸਾਬੋ ਵੱਲੋਂ ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਚਲਾਈ ਗਈ ਮੁਹਿੰਮ ਤਹਿਤ ਸ਼ਹੀਦ ਭਗਤ ਸਿੰਘ ਨਸ਼ਾ ਵਿਰੋਧੀ ਮੰਚ ਤਲਵੰਡੀ ਸਾਬੋ ਵੱਲੋਂ ਬਲਾਕ ਤਲਵੰਡੀ ਸਾਬੋ ਦੇ ਗੁਰੂ ਹਰਗੋਬਿੰਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਲਹਿਰੀ ਵਿਖੇ ਸੰਸਥਾ ਵਲੋਂ ਜਿੱਥੇ ਪੌਦੇ ਲਾਏ ਗਏ ਉੱਥੇ ਬੱਚਿਆਂ ਨੂੰ ਪੌਦੇ ਲਾਉਣ ਅਤੇ ਉਹਨਾਂ ਦੀ ਸੰਭਾਲ ਕਰਨ ਲਈ ਪ੍ਰੇਰਿਤ ਕਰਨ ਵਾਸਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਮੁੱਖ ਬੁਲਾਰੇ ਮੇਜਰ ਕਮਾਲੂ ਅਤੇ ਰੁਪਿੰਦਰਜੀਤ ਸਿੰਘ ਸਿੱਧੂ ਨੇ ਹਰ ਪੌਦੇ ਦੀ ਮਹੱਤਤਾ ਅਤੇ ਪੌਦੇ ਦੀ ਵਰਤੋਂ ਬਾਰੇ ਭਰਪੂਰ ਜਾਣਕਾਰੀ ਦਿੰਦੀ। ਇੱਕ ਸਵਾਲ ਦੇ ਜਵਾਬ ਵਿੱਚ ਰੁਪਿੰਦਰਜੀਤ ਸਿੰਘ ਸਿੱਧੂ ਨੇ ਦੱਸਿਆ ਕਿ ਸੰਸਥਾ ਦਾ ਟੀਚਾ ਲਗਭਗ ਅੱਠ ਹਜ਼ਾਰ ਪੌਦੇ ਲਾਉਣ, ਉਹਨਾਂ ਦੀ ਸੰਭਾਲ ਕਰਨ ਦਾ ਹੈ ਤੇ ਹੁਣ ਤੱਕ ਕਈ ਥਾਵਾਂ 'ਤੇ ਪੌਦੇ ਲਾਏ ਜਾ ਚੁੱਕੇ ਹਨ। ਏਸੇ ਮੁਹਿੰਮ ਤਹਿਤ ਅੱਜ ਕਈ ਨਿੱਜੀ ਸਕੂਲਾਂ 'ਚ ਪੌਦੇ ਲਾਏ ਤੇ ਵੰਡੇ ਗਏ ਹਨ ਅਤੇ ਸਕੂਲਾਂ 'ਚ ਸੈਮੀਨਾਰ ਲਾਏ ਜਾ ਰਹੇ ਹਨ। ਉਹਨਾਂ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਣੇ ਆਪ ਨੂੰ ਆਪਣੇ ਦੇਸ਼ ਨੂੰ ਹਰਿਆ ਭਰਿਆ ਬਣਾਉਣ ਲਈ ਵੱਧ ਤੋਂ ਵੱਧ ਪੌਦੇ ਲਾਏ ਜਾਣ। ਇਸ ਮੌਕੇ ਸਕੂਲ ਦੇ ਸਟਾਫ ਅਤੇ ਬੱਚਿਆਂ ਨੂੰ ਪੌਦੇ ਵੰਡੇ ਗਏ ਅਤੇ ਲਾਏ ਗਏ। ਸਕੂਲ ਪ੍ਰਿੰਸੀਪਲ ਸ੍ਰ. ਲਖਵਿੰਦਰ ਸਿੰਘ ਸਿੱਧੂ ਨੇ ਜਿਥੇ ਸਮੁੱਚੀ ਟੀਮ ਦਾ ਧੰਨਵਾਦ ਕੀਤਾ ਉਥੇ ਵਿਸ਼ਵਾਸ਼ ਦੁਆਇਆ ਕਿ ਸੰਸਥਾ ਵਲੋਂ ਵੰਡੇ ਗਏ ਪੌਦਿਆਂ ਦੀ ਓਦੋਂ ਤੱਕ ਸੰਭਾਲ ਕੀਤੀ ਜਾਵੇਗੀ ਜਦੋਂ ਤੱਕ ਦਰਖਤ ਨਹੀਂ ਬਣ ਜਾਂਦੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਵਿੰਦਰ ਸਿੰਘ ਜੈਲਦਾਰ, ਅਮਰਦੀਪ ਸਿੰਘ ਡਿੱਖ, ਸੁਖਜਿੰਦਰ ਸਿੰਘ ਸੁੱਖਾ, ਅੰਮ੍ਰਿਤਪਾਲ ਮਲਕਾਣਾ ਅਤੇ ਸਮੁੱਚਾ ਸਟਾਫ ਹਾਜ਼ਰ ਸੀ।



### ਜਲੰਧਰ ਵੈਸਟ ਤੋਂ ਮੋਹਿੰਦਰ ਭਗਤ ਦੇ ਜਿੱਤਣ ਨਾਲ

# ਆਪ ਦਾ ਕੱਦ ਹੋਰ ਉੱਚਾ ਹੋਇਆ: ਚੇਅਰਮੈਨ ਘੁੱਲੀ




**ਧੂਰੀ ( ਰਣਜੀਤ ਸਿੰਘ ਪੇਧਨੀ)**-ਵਿਧਾਨ ਸਭਾ ਹਲਕਾ ਜਲੰਧਰ (ਪੱਛਮੀ) ਸੀਟ ਤੋਂ ਵੱਖ ਵੱਖ ਪਾਰਟੀਆ ਦੇ ਚੋਣ ਲੜ ਰਹੇ ਉਮੀਦਵਾਰਾਂ ਨੂੰ ਨਕਾਰ ਕੇ ਇਲਾਕਾ ਵਾਸੀਆ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਮੋਹਿੰਦਰ ਭਗਤ ਨੂੰ ਵੱਡੀ ਲੀਡ ਨਾਲ ਜਿੱਤਾ ਕੇ ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਸਰਕਾਰ ਦੇ ਕੰਮਾਂ ਤੇ ਮੋਹਰ ਲਾ ਕੇ ਸ਼ਪੱਸ਼ਟ ਕਰ ਦਿੱਤਾ ਹੈ ਕਿ ਜਲੰਧਰ ਵਾਸੀ ਆਮ ਆਦਮੀ ਪਾਰਟੀ ਦੇ ਨਾਲ ਖੜੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਸਪੋਰਟਸ ਵਿੰਗ ਪੰਜਾਬ ਦੇ ਜਰਨਲ ਸਕੱਤਰ ਸ, ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕਿਟ ਕਮੇਟੀ ਧੂਰੀ ਨੇ ਕੀਤਾ। ਉਨ੍ਹਾਂ ਕਿਹਾ ਕਿ ਜ਼ਿਮਨੀ ਚੋਣ ਜਲੰਧਰ (ਪੱਛਮੀ) ਸੀਟ ਉੱਪਰ ਬਾਕੀ ਸਾਰੀਆ ਵਿਰੋਧੀ ਪਾਰਟੀਆ ਇਕ ਪਾਸੇ ਸਨ ਤੇ ਆਮ ਆਦਮੀ ਪਾਰਟੀ ਦੇ ਮਿਹਨਤੀ ਵਲੰਟੀਅਰ ਇਕ ਪਾਸੇ ਸਨ । ਪਾਰਟੀ ਵਲੰਟੀਆਰਾਂ ਵੱਲੋਂ ਦਿਨ ਰਾਤ ਮਿਹਨਤ ਕਰਕੇ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋ ਢਾਈ ਸਾਲਾਂ ਦੇ ਕੀਤੇ ਲੋਕ ਪੱਖੀ ਕੰਮਾਂ ਨੂੰ ਲੋਕਾਂ ਵਿਚ ਪ੍ਰਚਾਰਿਆ ਗਿਆ ਸੀ। ਆਖਰ ਵੋਟਰਾਂ ਨੇ ਵਿਕਾਸ ਕਾਰਜਾ ਤੇ ਮੋਹਰ ਲਾਉਦਿਆ ਮਹਿੰਦਰ ਲਾਲ ਭਗਤ ਨੂੰ ਵੱਡੀ ਲੀਡ ਨਾਲ ਜਿਤਾ ਕੇ ਮਾਣਯੋਗ ਮੁੱਖ ਮੰਤਰੀ ਪੰਜਾਬ ਦਾ ਹੱਥ ਮਜ਼ਬੂਤ ਕੀਤੇ ਹਨ। ਇਸ ਮੌਕੇ ਠੇਕੇਦਾਰ ਹਰਜਿੰਦਰ ਸਿੰਘ ਕਾਂਝਲਾ ਡਾਇਰੈਕਟਰ ਵੇਰਕਾ ਮਿਲਕ ਪਲਾਂਟ ਸੰਗਰੂਰ, ਸਮਾਜ ਸੇਵੀ ਸੰਜੇ ਜੇ,ਪੀ , ਆਪ ਆਗੂ ਪਰਮਪਾਲ ਸਿੰਘ ਵਾਲੀਆ ਮਾਲੌਦ, ਆਪ ਆਗੂ ਹਰਪ੍ਰੀਤ ਸਿੰਘ ਗਿੱਲ , ਆਪ ਆਗੂ ਗੁਰੀ ਈਸੜਾ, ਆਪ ਆਗੂ ਮਾਣਾ ਗਰੇਵਾਲ, ਆਪ ਆਗੂ ਪ੍ਰੀਤ ਧੂਰੀ, ਆਪ ਆਗੂ ਭਿੰਦਾ ਵਿਰਕ, ਆਪ ਆਗੂ ਬਿੱਲਾ ਸਾਹੀਵਾਲ, ਆਪ ਆਗੂ ਰਣਜੀਤ ਸਿੰਘ ਧੰਦੀਵਾਲ , ਆਪ ਆਗੂ ਭੋਲਾ ਸਿੰਘ ਧੂਰੀ, ਆਪ ਆਗੂ ਬਹਾਦਰ ਸਿੰਘ ਹਰਚੰਦਪੁਰ ਹਾਜ਼ਰ ਸਨ।

**ਜਲੰਧਰ ਪੱਛਮੀ ਤੋਂ ਰਿਕਾਰਡ ਤੋੜ ਵੋਟਾਂ ਨਾਲ ਜਿੱਤਣ ਤੇ ਮਾਰਕੀਟ ਕਮੇਟੀ ਧੂਰੀ ਵਿਖੇ ਲੱਡੂ ਵੰਡੇ**

# ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਨੇ ਲਗਾਇਆ ਡੇਂਗੂ ਮਲੇਰੀਆ ਅਵੇਅਰਨੈਸ ਕੈਂਪ



ਫ਼ਿਰੋਜ਼ਪੁਰ, 16 ਜੁਲਾਈ (ਮਨੋਹਰ ਲਾਲ) :— ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਨੇ ਅੱਜ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਫ਼ਿਰੋਜ਼ਪੁਰ ਸ਼ਹਿਰ ਵਿਖੇ ਡਾ: ਦੀਵਾਨ ਚੰਦ ਸੁਖੀਜਾ ਚੇਅਰਮੈਨ, ਸ੍ਰੀ ਕਿਸ਼ਨ ਚੰਦ ਜਾਗੋਵਾਲੀਆ ਪ੍ਰਧਾਨ ਅਤੇ ਵਿਜੈ ਕੁਮਾਰ ਜਾਇੰਟ ਸਕੱਤਰ ਦੀ ਅਗਵਾਈ ਹੇਠ ਡੇਂਗੂ, ਮਲੇਰੀਆ ਅਵੇਅਰਨੈਸ ਕੈਂਪ ਲਗਾਇਆ ਗਿਆ। ਇਸ ਮੌਕੇ ਮਿਸਟਰ ਸੁਖੀਜਾ ਨੇ ਸਾਰੇ ਸਕੂਲ ਸਟਾਫ ਅਤੇ ਸਕੂਲ ਬੱਚਿਆਂ ਨੂੰ ਇਸ ਬੁਖਾਰ ਬਾਰੇ ਜਾਣਕਾਰੀ ਦਿੱਤੀ ਅਤੇ ਬਚਾਓ ਸਬੰਧੀ ਵਿਚਾਰ ਸਾਂਝੇ ਕੀਤੇ। ਇਸ ਮੌਕੇ ਹਾਜ਼ਰੀਨ ਨੂੰ ਲੋੜੀਂਦਾ ਲਿਟਰੇਚਰ ਵੀ ਮੁਹਇਆ ਕਰਵਾਇਆ ਗਿਆ। ਇਸ ਮੌਕੇ ਸੁਸਾਇਟੀ ਵੱਲੋਂ ਗਰੀਬ ਬੱਚਿਆਂ ਨੂੰ ਕਾਪੀਆਂ ਮੁਫਤ ਦਿੱਤੀਆਂ ਗਈਆਂ। ਇਸ ਮੌਕੇ ਬੋਲਦਿਆਂ ਮਿਸਟਰ ਸੁਖੀਜਾ ਨੇ ਦੱਸਿਆ ਕਿ ਭਵਿੱਖ ਵਿਚ ਹੋਰ ਵੀ ਕੈਂਪ ਲਗਾਏ ਜਾਣਗੇ।

# ਸੰਜਮ ਜੀਵਨ ਵਿਸ਼ਿਆ ਸ਼ਤੀ ਮੌਤ, ਸੋ ਹੱਥ ਰੱਸਾ ਸਿਰੇ ਤੇ ਗੰਢ : ਪੀ.ਸੀ ਕੁਮਾਰ



**ਫ਼ਿਰੋਜ਼ਪੁਰ, 16 ਜੁਲਾਈ (ਮਨੋਹਰ ਲਾਲ)** :— ਸਾਰੇਆਂ ਦੁੱਖਾਂ ਦਾ ਕਾਰਨ ਵਿਸ਼ਿਆ ਸ਼ਤੀ ਤੇ ਹਰ ਮੁਸੀਬਤ ਦਾ ਹੱਲ ਸੰਜਮ ਜ਼ੋ ਵੱਡੇ—ਵੱਡੇ ਧੰਨਵੰਤਰੀ ਵੇਦ ਦੋ ਸ਼ਬਦਾਂ ਵਿਚ ਵੀਰਜ ਸ਼ਕਤੀ ਦੀ ਸੰਭਾਲ ਜੀਵਨ ਇਸ ਦੀ ਬਰਬਾਦੀ ਮਮੌਤ ਜ਼ੋ ਅੱਜ ਸਰੀਰਕ, ਮਾਨਸਿਕ, ਸਮਾਜਿਕ ਕੁਰੀਤੀਆਂ, ਬਿਮਾਰੀਆਂ, ਹਰ ਘਰ, ਸਮਾਜ, ਦੇਸ਼ ਦੁਨਿਆਂ ਵਿਚ ਘਰ ਕਰ ਗਈਆਂ ਹਨ, ਉਨ੍ਹਾਂ ਦਾ ਸਭ ਤੋਂ ਵੱਡਾ ਕਾਰਣ ਇਹੀ ਹੈ ਕਿ ਇਹ ਗੱਲ ਕਹਿਣ, ਸੁਨਣ, ਵੇਖਣ ਵਿਚ ਆਈ ਹੈ, ਇਹ ਜ਼ੋ ਕੁਝ ਅਸੀਂ ਦੇਖ ਰਹੇ ਹਾਂ, ਇਹ ਅਨਚਾਹੇ ਬੱਚੇ ਜ਼ੋ ਵਿਸ਼ਿਆ ਸ਼ਤੀ ਦੀ ਦੇਣ ਹਨ, ਜ਼ੋ ਘਰ, ਸਕੂਲ, ਸਮਾਜ, ਦੇਸ਼, ਦੁਨੀਆਂ ਵਿਚ ਮੁਸ਼ਿਕਲਾਂ ਪੈਦਾ ਕਰ ਰਹੇ ਹਨ, ਜ਼ੋ ਮਾਤਾ—ਪਿਤਾ ਇਸ ਨੂੰ ਇਕ ਮਨੋਰੰਜਨ ਸਮਝ ਤਨ ਦਾ ਨਾਸ਼, ਮਨ ਦੀ ਬਰਬਾਦੀ ਸਮਾਜ ਵਿਚ ਅਰਾਜਕਤਾ ਤੇ ਹਰ ਦਾਇਰੇ ਵਿਚ ਅਨੁਸਾਸ਼ਨਹੀਨਤਾ ਪੈਦਾ ਹੋ ਕੇ ਰਹਿ ਗਈ ਹੈ, ਨਾ ਤਨ, ਨਾ ਮਨ, ਨਾ ਸਮਾਜ, ਸਾਫ ਹੋਣ ਸਦਕਾ ਹਰ ਘਰ ਇਕ ਹਸਪਤਾਲ ਬਨ ਬੱਚੇ, ਨੌਜਵਾਨ ਇਸ ਸਾਡੀ ਖੁਰਾਕ ਮਾੜੇ ਵਿਚਾਰ ਮਾੜੇ ਕੰਮਾਂ ਸਦਕਾ ਇਕ ਬਿਮਾਰੀਆਂ ਦਾ ਦੂਜਾ ਬਣ ਹਰ ਪਾਸੇ ਹਾ—ਹਾ—ਕਾਰ ਮਚੀ ਹੋਈ, ਜਿਸ ਦਾ ਇਕੋ—ਇਕ ਕਾਰਨ ਵਿਸ਼ਿਆਂ ਸ਼ਤੀ ਜ਼ੋ ਇਕ ਘੁਣ ਦੀ ਤਰ੍ਹਾਂ ਪਰਿਵਾਰ, ਸਮਾਜ, ਦੇਸ਼ ਦੁਨੀਆਂ ਨੂੰ ਖੋਖਲਾ ਬਨਾ ਸੋਚਣ ਵਿਚਾਰਨ ਦੇ ਮਜ਼ਬੂਰ ਕਰ ਦਿੱਤਾ ਹੈ, ਆਉਣ ਵਾਲਾ ਭਵਿੱਖ ਸਾਡਾ ਕੋਈ ਚੰਗਾ ਨਹੀਂ, 1981 ਤੋਂ ਸਿਹਤ ਤੇ ਸਿੱਖਿਆ ਦੇ ਖੇਤਰ ਵਿਚ ਹਜ਼ਾਰਾਂ ਨਹੀਂ ਲੱਖਾਂ ਕਰੋੜਾਂ ਬੱਚਿਆਂ, ਟੀਚਰਾਂ, ਮਾਪਿਆਂ, ਆਮ ਤੇ ਬੁੱਧੀਜੀਵੀਆਂ ਨਾਲ ਵਿਚਾਰ ਸਾਂਝੇ ਕਰਦੇ ਪੀ.ਸੀ ਕੁਮਾਰ ਵੱਲੋਂ ਇਸ ਵਿਚ ਅਜਿਹਾ ਕੰਮ ਕਰਦੇ ਆ ਰਹੇ ਹਨ, ਜਿਸ ਸਦਕਾ ਅੱਜ ਉਹ ਬੱਚੇ ਜਿਹੜੇ ਸਕੂਲ ਸਮੇਂ ਇਨ੍ਹਾਂ ਦੇ ਸੰਪਰਕ ਵਿਚ ਆਏ ਇਨਸਾਨ ਬਨ ਘਰ ਨੂੰ ਸਵਰਗਮਈ ਬਣਾ ਉਦਾਹਰਣ ਪੇਸ਼ ਕਰ ਰਹੇ ਹਨ। ਆਓ ਆਪਾ ਸਾਰੇ ਇਸ ਮੁਹਿੰਮ ਦਾ ਹਿੱਸਾ ਬਣ ਚੰਗੇ ਸਮਾਜ ਦੀ ਸਿਰਜਣਾ ਕਰਨ ਵਿਚ ਇਸ ਦਾ ਹਿੱਸਾ ਬਣੀਏ। ਇਸ ਮੌਕੇ ਤੇ ਸਦਾਵਰਤ ਪੰਚਾਇਤੀ ਦੇ ਮੁੱਖ ਕਾਰਜਕਰਤਾ ਸ੍ਰੀ ਪੀ.ਸੀ ਕੁਮਾਰ, ਓਮ ਪ੍ਰਕਾਸ਼ ਚਾਵਲਾ, ਅਸ਼ਵਨੀ ਕੁਮਾਰ, ਡੀ.ਕੇ ਬਜਾਜ, ਮਦਨ ਲਾਲ ਚਾਵਲਾ, ਰਜਨੀਸ਼ ਕਪੂਰ ਸਾਬਕਾ ਮੈਨੇਜਰ ਪੰਜਾਬ ਨੈਸ਼ਨਲ ਬੈਂਕ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸੰਗਤਾਂ ਲਈ ਦਿਨੋਂ-ਦਿਨ ਸ਼ਰਧਾ ਤੇ ਆਸਥਾ ਦਾ ਕੇਂਦਰ ਬਣ ਰਿਹੈ ਫ਼ਿਰੋਜ਼ਪੁਰ ਦਾ ਗੁਰਦੁਆਰਾ : ਭਾਈ ਹਾਕਮ ਸਿੰਘ

# ਅੰਮ੍ਰਿਤਸਰ ਤੋਂ ਬਾਅਦ ਇਥੇ ਵੀ ਚੁਪਹਿਰਾ ਕੱਟਣ ਵਾਲੀ ਸੰਗਤਾਂ ਵਿਚ ਭਾਰੀ ਉਤਸ਼ਾਹ : ਆਗੂ



**ਫ਼ਿਰੋਜ਼ਪੁਰ, 16 ਜੁਲਾਈ (ਮਨੋਹਰ ਲਾਲ) :—** ਸਥਾਨਕ ਸ਼ਹਿਰ ਦੇ ਮਖੂ ਗੇਟ ਸਥਿਤ ਗੁਰਦੁਆਰਾ ਭਾਈ ਹਾਕਮ ਸਿੰਘ ਜੋ ਕਿ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਸੰਗਤਾਂ ਲਈ ਦਿਨੋਂ—ਦਿਨ ਸ਼ਰਧਾ ਤੇ ਆਸਥਾ ਦਾ ਕੇਂਦਰ ਬਣ ਰਿਹਾ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮੁਖਤਿਆਰ ਸਿੰਘ ਬਾਬਾ ਅਤੇ ਸਰਪ੍ਰਸਤ ਭਾਈ ਜ਼ਸਪਾਲ ਸਿੰਘ ਨੇ ਦੱਸਿਆ ਕਿ ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਗੁਰਦੁਆਰਾ ਸ਼ਹੀਦਾਂ ਵਿਖੇ ਹਰ ਐਤਵਾਰ ਚੁਪਹਿਰਾ ਸਾਹਿਬ ਕੱਟੇ ਜਾਂਦੇ ਹਨ ਅਤੇ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਉਥੇ ਵੇਖਣ ਨੂੰ ਮਿਲਦਾ ਹੈ, ਉਸੇ ਤਰ੍ਹਾਂ ਫ਼ਿਰੋਜ਼ਪੁਰ ਵਿਚ ਵੀ ਸੰਗਤਾਂ ਗੁਰਦੁਆਰਾ ਭਾਈ ਹਾਕਮ ਸਿੰਘ ਮਖੂ ਗੇਟ ਵਿਖੇ ਵੀ ਹਰ ਐਤਵਾਰ ਵਾਲੇ ਦਿਨ ਚੁਪਹਿਰਾ ਬਾਰਾਂ ਵਜੇ ਤੋਂ ਲੈ ਕੇ ਸ਼ਾਮ ਚਾਰ ਵਜੇ ਤੱਕ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰੀ ਭਰ ਕੇ ਚੁਪਹਿਰਾ ਸਾਹਿਬ ਦੇ ਜਾਪ ਕਰ ਖੁਸ਼ੀਆਂ ਹਾਸਲ ਕਰ ਰਹੀਆਂ ਹਨ, ਜਿਥੇ ਸੰਗਤਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਹੋ ਰਹੀਆਂ ਹਨ। ਪ੍ਰਬੰਧਕਾਂ ਨੇ ਅੱਗੇ ਦੱਸਿਆ ਕਿ ਇਸ ਗੁਰਦੁਆਰਾ ਸਾਹਿਬ ਵਿਖੇ ਬੜੇ ਲੰਮੇ ਸਮੇਂ ਤੋਂ ਧੰਨ—ਧੰਨ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਅਤੇ ਨਵੰਬਰ ਮਹੀਨੇ ਆਉਣ ਵਾਲਾ ਸ਼ਹੀਦੀ ਦਿਹਾੜਾ ਬੜੀ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ, ਜਿਸ ਵਿਚ ਅਖੰਡ ਪਾਠਾਂ ਦੀ ਲੜੀ ਪ੍ਰਭਾਤ ਫੇਰੀਆਂ, ਵਿਸ਼ਾਲ ਨਗਰ ਕੀਰਤਨ ਅਤੇ ਦੀਵਾਨ ਸਜਾਏ ਜਾਂਦੇ ਹਨ, ਜਿਸ ਵਿਚ ਉਚ ਕੋਟੀ ਦੇ ਰਾਗੀ, ਢਾਡੀ, ਕਥਾਵਾਚਕ ਹਾਜ਼ਰੀਆਂ ਭਰਦੇ ਹਨ ਅਤੇ ਗੁਰੂ ਕੇ ਲੰਗਰ ਵੀ ਅਤੁੱਟ ਵਰਤਾਏ ਜਾਂਦੇ ਹਨ। ਗੁਰਦੁਆਰਾ ਸ਼ਹੀਦਾਂ ਅੰਮ੍ਰਿਤਸਰ ਵਿਖੇ ਜਿਆਦਾ ਇਕੱਠ ਹੋਣ ਕਰਕੇ ਜੋ ਸੰਗਤਾਂ ਉਥੇ ਹਾਜ਼ਰੀ ਨਹੀਂ ਭਰ ਸਕਦੀਆਂ ਸਨ, ਉਹ ਇਸ ਗੁਰਦੁਆਰਾ ਸਾਹਿਬ ਵਿਖੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰ ਰਹੇ ਹਨ। ਇਸ ਸਮੇਂ ਬਾਬਾ ਮੁਖਤਿਆਰ ਸਿੰਘ, ਭਾਈ ਜ਼ਸਪਾਲ ਸਿੰਘ, ਕਿੱਕਰ ਸਿੰਘ ਸੰਧੂ, ਸੁਰਜੀਤ ਸਿੰਘ, ਪਰਗਟ ਸਿੰਘ, ਨਿਰਮਲ ਸਿੰਘ, ਅਨੂਪ ਸਿੰਘ, ਸੁਖਬੀਰ ਸਿੰਘ ਸੰਧੂ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ

# ਸਾਉਣ ਦੀ ਸੰਗਰਾਂਦ ਦਾ ਪਵਿੱਤਰ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ




**ਫ਼ਿਰੋਜ਼ਪੁਰ, 16 ਜੁਲਾਈ (ਮਨੋਹਰ ਲਾਲ) :—** ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ ਸਾਉਣ ਦੀ ਸੰਗਰਾਂਦ ਦਾ ਪਵਿੱਤਰ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਰਾਗੀ, ਢਾਡੀ ਜਥਿਆਂ ਨੇ ਆਪਣੀ ਸੁਰੀਲੀ ਆਵਾਜ਼ ਨਾਲ ਗੁਰੂ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਤੇ ਭਾਈ ਗੁਰਮੇਲ ਸਿੰਘ ਅਰਜਨ, ਭਾਈ ਹਰਨਾਮ ਸਿੰਘ, ਭਾਈ ਚੰਨ ਸਿੰਘ, ਭਾਈ ਜ਼ੋਗਾ ਸਿੰਘ, ਭਾਈ ਸੁਖਦੇਵ ਸਿੰਘ ਸੁੱਖਾ, ਭਾਈ ਰਮਨਦੀਪ ਸਿੰਘ, ਬੱਬੂ ਸਿੰਘ, ਭਾਈ ਨਿਰਮਲ ਸਿੰਘ, ਭਾਈ ਸਰਬਜੀਤ ਸਿੰਘ ਹਜ਼ੂਰੀ ਰਾਗੀ ਬਜੀਦਪੁਰ ਨੇ ਧੰਨ—ਧੰਨ ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਦਿਵਸ ਅਤੇ ਸਾਉਣ ਮਹੀਨੇ ਬਾਰੇ ਜਾਣਕਾਰੀ ਸੰਗਤਾਂ ਨੂੰ ਦਿੱਤੀ। ਇਸ ਮੌਕੇ ਤੇ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਸਭ ਤੋਂ ਪਹਿਲਾਂ ਸੰਗਤਾਂ ਨੂੰ ਸਾਉਣ ਦਾ ਨਵਾਂ ਮਹੀਨਾ ਚੜ੍ਹਿਆ ਹੈ, ਜੋ ਸਾਰੀਆਂ ਸੰਗਤਾਂ ਇਲਾਕੇ ਭਰ ਦੀਆਂ ਸੰਗਤਾਂ ਦਾ ਸਾਉਣ ਦਾ ਮਹੀਨਾ ਸੁੱਖ ਸ਼ਾਂਤੀ ਨਾਲ ਬਤੀਤ ਹੋਵੇ ਅਤੇ ਦੁੱਖਾਂ ਕਲੇਸ਼ਾਂ ਦਾ ਨਾਸ਼ ਹੋਵੇ, ਘਰ ਵਿਚ ਖੁਸ਼ੀਆਂ ਆਉਣ। ਇਸ ਤੋਂ ਬਾਅਦ ਉਨ੍ਹਾਂ ਧੰਨ—ਧੰਨ ਭਾਈ ਤਾਰੂ ਸਿੰਘ ਜੀ ਦਾ ਅੱਜ ਸ਼ਹੀਦੀ ਦਿਹਾੜਾ ਹੈ, ਬਾਰੇ ਕਥਾ ਕਰਦਿਆਂ ਆਖਿਆ ਕਿ ਧੰਨ—ਧੰਨ ਭਾਈ ਤਾਰੂ ਸਿੰਘ ਜੀ ਜਿਨ੍ਹਾਂ ਨੇ ਸਿੱਖੀ ਕੇਸਾਂ, ਸਵਾਸਾਂ ਸੰਗ ਨਿਬਾਈ, ਭਾਈ ਤਾਰੂ ਸਿੰਘ ਜੀ ਪਿੰਡ ਪੂਹਲੇ ਵਿਚ ਰਹਿੰਦੇ ਸੀ ਅਤੇ ਉਹ ਆਇਆ ਗਿਆ ਨੂੰ ਭੋਜਣ ਛਕਾਉਂਦੇ ਸੀ, ਜਿਹੜੇ 5 ਸਿੰਘ ਉਥੋਂ ਭੋਜ਼ਨ ਛੱਕ ਕੇ ਜਾਂਦਾ, ਉਹ ਹੋਰਾਂ ਸਿੰਘਾਂ ਨੂੰ ਦਸਦਾ, ਹੋਲੀ—ਹੋਲੀ ਰੋਟੀ ਤਵੇਂ ਦੀ ਥਾਂ ਤਵੀਆਂ ਤੇ ਪਕਣ ਲੱਗੀ ਅਤੇ ਦਾਲ ਦੇਗਾਂ ਵਿਚ ਪੱਕਣ ਲੱਗੀ। ਇਸ ਵਿਚ ਉਨ੍ਹਾਂ ਨਾਲ ਸਾਰਾ ਪਿੰਡ ਮੱਦਦ ਕਰਦਾ ਸੀ। ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਨੇ ਅੱਗੇ ਦੱਸਿਆ ਕਿ ਭਾਈ ਤਾਰੂ ਸਿੰਘ ਜੀ 25 ਸਾਲ ਦੀ ਭਰ ਜਵਾਨੀ ਉਮਰ ਵਿਚ ਜਕਰੀਆ ਖਾਨ ਨੇ 16 ਜੁਲਾਈ 1745 ਵਿਚ ਲਾਹੌਰ ਵਿਖੇ ਕੇਸਾਂ ਸਮੇਤ ਖੋਪਰੀ ਲੁਹਾ ਕੇ ਸ਼ਹੀਦ ਕੀਤਾ। ਭਾਈ ਸਾਹਿਬ ਜੀ ਦੇ ਕੇਸ ਕਤਲ ਨਾ ਕੀਤੇ ਜਾ ਸਕਣ ਕਰਕੇ ਖੋਪਰੀ ਛੈਣੀ ਤੇ ਹਥੋੜੇ ਨਾਲ ਕੇਸਾਂ ਸਮੇਤ ਲਾਹ ਦਿੱਤੀ ਗਈ, ਖੋਪਰੀ ਉਤਾਰਨ ਤੋਂ 22 ਦਿਨਾਂ ਬਾਅਦ ਭਾਈ ਸਾਹਿਬ ਜੀ ਸਚਖੰਡ ਗਏ, ਭਾਈ ਸਾਹਿਬ ਜੀ ਦੇ ਸਹਿਜ ਸੁਭਾਅ ਬਚਨਾਂ ਨਾਲ ਜਕਰੀਆ ਖਾਨ ਦਾ ਪਿਸ਼ਾਬ ਬੰਦ ਹੋ ਗਿਆ ਤੇ ਭਾਈ ਸਾਹਿਬ ਜੀ ਦਾ ਪਾਵਨ ਜ਼ੋੜਾ ਜਕਰੀਆ ਖਾਨ ਦੇ ਸਿਰ ਵਿਚ ਮਾਰਿਆ ਗਿਆ ਤੇ ਜਕਰੀਆ ਖਾਨ ਦਾ ਪਿਸ਼ਾਬ ਦਾ ਬਨ ਟੁਟਿਆ ਅਤੇ ਉਸ ਦੀ ਮੌਤ ਹੋ ਗਈ। ਬਾਬਾ ਜੀ ਨੇ ਅੱਗੇ ਦੱਸਿਆ ਕਿ ਅਸੀਂ ਹਰ ਸਾਲ 16 ਜੁਲਾਈ ਨੂੰ ਭਾਈ ਅਮਰ ਸਿੰਘ ਕੀਰਤੀ ਦੀ ਬਰਸੀ ਤੇ ਸ੍ਰੀ ਆਖੰਡ ਪਾਠ ਸਾਹਿਬ ਜੀ ਦਾ ਭੋਗ ਪਾਇਆ ਹੈ, ਜਿਸ ਦੀ ਸਾਰੀ ਸੇਵਾ ਭਾਈ ਨਿਰਵੈਰ ਸਿੰਘ ਉਸਤਾਦ ਨੇ ਕੀਤੀ ਹੈ। ਬਾਬਾ ਜੀ ਨੇ ਅੱਗੇ ਕਿਹਾ ਕਿ ਸਾਨੂੰ ਸੰਗਰਾਂਦ ਮੌਕੇ ਸੰਤਸੰਗ ਵਿਚ ਜ਼ਰੂਰ ਆਉਣਾ ਚਾਹੀਦਾ ਹੈ, ਦਾ ਮਨੁੱਖ ਦੇ ਆਉਣ ਨਾਲ ਉਸ ਦੇ ਸਾਰੇ ਦੁੱਖ ਕਟੇ ਜਾਂਦੇ ਹਨ। ਬਾਬਾ ਜੀ ਨੇ ਅੱਗੇ ਕਿਹਾ ਕਿ ਸਾਉਣ ਮਹੀਨੇ ਵਿਚ ਅਸੀਂ ਤੁਕ—ਤੁਕ ਵਾਲੇ ਮਹਾਂ ਸੰਪਟ ਜੋ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 12 ਸਾਉਣ 27 ਜੁਲਾਈ ਨੂੰ ਸਵੇਰੇ 10 ਵਜੇ ਰੱਖੇ ਜਾਣਗੇ, ਸੰਗਤਾਂ ਨੂੰ ਬੇਨਤੀ ਹੈ ਕਿ ਉਹ ਜ਼ਰੂਰ ਪਹੁੰਚਣ। ਇਸ ਮੌਕੇ ਤੇ ਭਾਈ ਲੱਖਾ ਸਿੰਘ, ਭਾਈ ਜ਼ਸਵੀਰ ਸਿੰਘ ਜ਼ਸੂ ਨੇ ਸੰਗਤਾਂ ਦੀ ਹੱਥੀਂ ਸੇਵਾ ਕੀਤੀ। ਇਸ ਮੌਕੇ ਤੇ ਗੁਰੂ ਕਾ ਅਤੁੱਟ ਲੰਗਰ ਠੰਡੇ ਮਿੱਠੇ ਜਲ ਦੇ ਲੰਗਰ ਲਗਾਏ ਗਏ।




ਆਵਾਜ਼ਿ ਕੌਮ AWAZE QAUM International Newspaper & WEB TV

# ਗੁਰਦੁਆਰਾ ਸੰਤ ਖਾਲਸਾ ਜਨਮ ਅਸਥਾਨ ਸੰਤ ਭਿੰਡਰਾਂਵਾਲੇ ਨਗਰ ਰੋਡੇ ਵਿਖੇ ਸਾਵਣ ਮਹੀਨੇ ਦੀ ਸੰਗਰਾਂਦ ਦਿਹਾੜੇ ਦੇ ਹੋਏ ਸਮਾਗਮ







**ਫ਼ਿਰੋਜ਼ਪੁਰ, 16 ਜੁਲਾਈ (ਮਨੋਹਰ ਲਾਲ) :—** ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਮਰਦ ਏ ਮੁਜਾਹਿਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆ ਦੇ ਜਨਮ ਅਸਥਾਨ ਗੁਰਦੁਆਰਾ ਸੰਤ ਖਾਲਸਾ ਨਗਰ ਰੋਡੇ ਵਿਖੇ ਸਾਵਣ ਮਹੀਨੇ ਦੀ ਸੰਗਰਾਂਦ ਨੂੰ ਸਮਰਪਿਤ ਸਮਾਗਮ ਹੋਏ। ਸ਼ਹੀਦ ਭਾਈ ਨਿਰਮਲ ਸਿੰਘ ਦੇ ਪਰਿਵਾਰ ਵੱਲੋਂ ਅਰੰਭ ਕਰਵਾਏ ਦੋ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਅਸਥਾਨ ਦੇ ਹਜ਼ੂਰੀ ਰਾਗੀ ਭਾਈ ਹਰਮਿੰਦਰ ਸਿੰਘ, ਭਾਈ ਰਣਜੀਤ ਸਿੰਘ, ਭਾਈ ਗੁਰਪ੍ਰੀਤ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ, ਜਦੋਂ ਕਿ ਸਾਵਣ ਮਹੀਨੇ ਦੀ ਕਥਾ ਗਿਆਨੀ ਅਵਤਾਰ ਸਿੰਘ ਦਮਦਮੀ ਟਕਸਾਲ ਨੇ ਕੀਤੀ। ਕਥਾ ਕਰਦਿਆਂ ਗਿਆਨੀ ਜੀ ਨੇ ਅੱਜ ਦੇ ਇਤਿਹਾਸਕ ਦਿਨ ਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਜੀ ਵੱਲੋ ਪਹਿਨੀਆ ਮੀਰੀ ਪੀਰੀ ਦੀਆਂ ਕਿਰਪਾਨਾਂ ਦੇ ਇਤਿਹਾਸ ਨੂੰ ਸੰਗਤਾ ਨਾਲ ਸਾਂਝਾ ਕੀਤਾ। ਅੱਜ ਦੇ ਸ਼ਹੀਦ ਭਾਈ ਤਾਰੂ ਸਿੰਘ ਦੇ ਸ਼ਹੀਦੀ ਦਿਹਾੜੇ ਦੇ ਪ੍ਰਸੰਗ ਨੂੰ ਵੀ ਸੰਗਤਾਂ ਨਾਲ ਵਰਨਣ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸਾਹਿਬ ਵਿਚ ਹਰ ਮਹੀਨੇਵਾਰ ਅੰਮ੍ਰਿਤ ਸੰਚਾਰ ਕਰਵਾਇਆ ਗਿਆ, ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ਦੇ ਜਥੇ ਨੇ ਅੰਮ੍ਰਿਤ ਅਭਿਲਾਖੀਆ ਨੂੰ ਖੰਡੇ ਦੀ ਪਾਹੁਲ ਛਕਾ ਕੇ 29 ਪ੍ਰਾਣੀਆ ਨੂੰ ਗੁਰੂ ਵਾਲੇ ਬਣਾਇਆ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਸਮੇਂ ਜਥੇਦਾਰ ਬੂਟਾ ਸਿੰਘ ਸਰਦੂਲਗੜ੍ਹ, ਗਿਆਨੀ ਅਵਤਾਰ ਸਿੰਘ ਦਮਦਮੀ ਟਕਸਾਲ ਕਾਤਰੋਂ, ਰਾਗੀ ਹਰਮਿੰਦਰ ਸਿੰਘ, ਰਣਜੀਤ ਸਿੰਘ, ਦਲਵੀਰ ਸਿੰਘ, ਗੁਰਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਜਰਮਨਪ੍ਰੀਤ ਸਿੰਘ, ਸੰਦੀਪ ਸਿੰਘ, ਰਾਜਦੀਪ ਸਿੰਘ, ਸੁਖਵਿੰਦਰ ਸਿੰਘ, ਜਸਵੰਤ ਸਿੰਘ, ਭਜਨ ਸਿੰਘ, ਚਮਕੌਰ ਸਿੰਘ, ਅੰਮ੍ਰਿਤਪਾਲ ਸਿੰਘ, ਬਲਕਾਰ ਸਿੰਘ, ਸਿਵਕਰਨ ਸਿੰਘ, ਅਵਤਾਰ ਸਿੰਘ ਔਲਖ, ਬਲਵਿੰਦਰ ਸਿੰਘ ਆਦਿ ਸਿੰਘ ਅਤੇ ਬੇਅੰਤ ਸੰਗਤਾ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਵਿਧਾਇਕ ਡਾਕਟਰ ਨਿੱਜਰ ਦੇ ਪ੍ਰੈਸ ਸਕੱਤਰ ਦੇ ਚਾਚਾ ਤਲਵਿੰਦਰ ਸਿੰਘ ਦੇ ਅਕਾਲ ਚਲਾਣੇ ਮੌਕੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ



**ਚੌਕ ਮਹਿਤਾ, 16 ਜੁਲਾਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਵਿਧਾਇਕ ਡਾਕਟਰ ਨਿੱਜਰ ਦੇ ਪ੍ਰੈਸ ਸਕੱਤਰ ਫੁੱਲਜੀਤ ਸਿੰਘ ਵਰਪਾਲ ਦੇ ਚਾਚਾ ਜੀ ਤਲਵਿੰਦਰ ਸਿੰਘ ਬੀਤੇ ਮਹੀਨੇ ਗੁਰੂ ਚਰਨਾਂ ਵਿੱਚ ਜਾ ਵਿਰਾਜੇ ।ਇਸ ਮੌਕੇ ਵਿਧਾਇਕ ਡਾਕਟਰ ਨਿੱਜਰ ਆਪ ਦੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕਰਨ ਲਈ ਪ੍ਰੈਸ ਸਕੱਤਰ ਫੁੱਲਜੀਤ ਸਿੰਘ ਵਰਪਾਲ ਦੇ ਗ੍ਰਹਿ ਵਿਖੇ ਪਹੁੰਚੇ ।ਇਸ ਮੌਕੇ ਉਨ੍ਹਾਂ ਵੱਲੋਂ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ ਗਿਆ ਅਤੇ ਆਪ ਨੇ ਕਿਹਾ ਕਿ ਜੇਕਰ ਕਿਸੇ ਵੀ ਪ੍ਰਕਾਰ ਦੀ ਮਦਦ ਦੀ ਜ਼ਰੂਰਤ ਹੋਵੇ ਤਾਂ ਸਾਨੂੰ ਦੱਸਿਆ ਜਾਵੇ ।ਜੋ ਵੀ ਬਣਦੀ ਮਦਦ ਹੋਵੇਗੀ ਕੀਤੀ ਜਾਵੇਗੀ ।ਇਸ ਮੌਕੇ ਸੋਸ਼ਲ ਜਸਟਿਸ ਅਤੇ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸੰਦੀਪ ਸਿੰਘ, ਵਿਧਾਇਕ ਡਾਕਟਰ ਨਿੱਜਰ ਦੇ ਪੀ ਏ ਨਵਨੀਤ ਸ਼ਰਮਾ, ਵਿਧਾਇਕ ਡਾਕਟਰ ਨਿੱਜਰ ਦੇ ਜੌਆਇੰਟ ਪ੍ਰੈੱਸ ਸਕੱਤਰ ਮਾਸਟਰ ਰਵੀ ਸਹਿਗਲ,ਦੀਪਕ ਰਾਜੂ, ਚਰਨਜੀਤ ਸਿੰਘ ਜਗਜੀਤ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਵਾਤਾਵਰਣ ਪ੍ਰੇਮੀਆਂ ਵੱਲੋਂ

# ਪਿੰਡ ਮਹਿਤਾ ਵਿਖੇ ਵੱਡੀ ਗਿਣਤੀ ਵਿੱਚ ਰੁੱਖ ਲਗਾਏ



**ਚੌਂਕ ਮਹਿਤਾ, 16 ਜੁਲਾਈ (ਬਾਬਾ ਸੁਖਵੰਤ ਸਿੰਘ ਚੰਨਣਕੇ)** -"ਕੁੱਝ ਰੁੱਖ ਮੈਨੂੰ ਪੁੱਤ ਲੱਗਦੇ ਨੇ ਕੁੱਝ ਰੁੱਖ ਲੱਗਦੇ ਮਾਵਾਂ" ਸ਼ਿਵ ਕੁਮਾਰ ਦੇ ਗੀਤ ਦੇ ਬੋਲਾਂ ਨੂੰ ਸਾਕਾਰ ਕਰਦਿਆਂ, ਪਿੰਡ ਮਹਿਤਾ ਵਿਖੇ ਵਾਤਾਵਰਣ ਪ੍ਰੇਮੀ ਸ੍ਰ. ਕੁਲਵੰਤ ਸਿੰਘ ਰੰਧਾਵਾ ਰਿਟਾਇਰਡ ਡੀਐਸਪੀ ਅਤੇ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਡਾਕਟਰ ਪਰਮਜੀਤ ਸੰਧੂ ਦੀ ਅਗਵਾਈ ਹੇਠਾਂ ਉਹਨਾਂ ਦੀ ਟੀਮ ਵੱਲੋਂ ਵੱਡੀ ਗਿਣਤੀ ਵਿੱਚ ਮਹਿਤਾ ਤੋਂ ਨੰਗਲੀ ਨੂੰ ਜਾਣ ਵਾਲੀ ਸੜਕ ਉੱਪਰ ਰੁੱਖ ਲਗਾ ਕੇ ਵਣ ਮਹਾਂ ਉਤਸਵ ਮਨਾਇਆ ਗਿਆ। ਉਪਰੋਕਤ ਦੋਹਾਂ ਵਾਤਾਵਰਣ ਪ੍ਰੇਮੀਆਂ ਨੇ ਦੱਸਿਆ ਕਿ ਇਸ ਰੋਡ ਉੱਪਰ ਘਟੋ ਘੱਟ ਚਾਰ ਪੰਜ ਸੌ ਰੁੱਖ ਲਗਾਏ ਜਾਣ ਦਾ ਉਨਾਂ ਨੇ ਟੀਚਾ ਮਿਥਿਆ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਸ੍ਰ. ਜਗਮੇਲ ਸਿੰਘ, ਫਤਿਹਜੀਤ ਸਿੰਘ, ਬਾਬਾ ਜਗਦੀਸ਼ ਸਿੰਘ, ਗੁਰ ਧਿਆਨ ਸਿੰਘ, ਅਮਨਬੀਰ ਸਿੰਘ, ਬੰਟੀ ਮਹਿਤਾ, ਬਲਦੇਵ ਸਿੰਘ, ਸ਼ਰਨਜੀਤ ਸਿੰਘ, ਹਰਦੀਪ ਸਿੰਘ ਅਤੇ ਹੋਰ ਕਈ ਵਾਤਾਵਰਣ ਪ੍ਰੇਮੀ ਵੀ ਮੌਜੂਦ ਸਨ।

ਲੋਕ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਨਸ਼ਾ ਛਡਾਊ ਮੁਹਿੰਮ ਵਿੱਚ ਸਾਡਾ ਸਾਥ ਦੇਣ - ਡਿਪਟੀ ਕਮਿਸ਼ਨਰ

# ਨਸ਼ਾ ਸਮਗਲਰਾਂ ਦੀਆਂ ਜਾਇਦਾਤਾਂ ਵੀ ਜਬਤ ਕੀਤੀਆਂ ਜਾਣਗੀਆਂ -ਜ਼ਿਲਾ ਪੁਲਿਸ ਮੁਖੀ



**ਜੰਡਿਆਲਾ ਗੁਰੂ, 16 ਜੁਲਾਈ ( ਕੁਲਵੰਤ ਸਿੰਘ ਵਿਰਦੀ)**-ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡਾਂ ਖਾਸ ਕਰਕੇ ਸਰਹੱਦੀ ਪਿੰਡਾਂ ਵਿੱਚ ਸਰਹੱਦ ਪਾਰ ਤੋਂ ਹੁੰਦੀ ਨਸ਼ੇ ਦੀ ਤਸਕਰੀ ਨੂੰ ਰੋਕਣ ਅਤੇ ਇਸ ਨਸ਼ੇ ਦੀ ਗ੍ਰਿਫਤ ਵਿੱਚ ਆਏ ਨੌਜਵਾਨਾਂ ਦਾ ਇਲਾਜ ਕਰਵਾਉਣ ਲਈ ਲੋਕ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਸਾਡਾ ਸਾਥ ਦੇਣ ਤਾਂ ਨਸ਼ਾ ਖਤਮ ਕਰਨਾ ਕੋਈ ਬਹੁਤ ਵੱਡੀ ਗੱਲ ਨਹੀਂ। ਉਕਤ ਸ਼ਬਦਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਸ੍ਰੀ ਘਨਸ਼ਾਮ ਥੋਰੀ ਨੇ ਰਾਜਾਸਾਂਸੀ ਵਿਖੇ ਵਿਲੇਜ ਡਿਫੈਂਸ ਕਮੇਟੀਆਂ ਦੇ ਪ੍ਰਤੀਨਿਧੀਆਂ ਨਾਲ ਗੱਲਬਾਤ ਕਰਦੇ ਕੀਤਾ। ਉਹਨਾਂ ਕਿਹਾ ਕਿ ਸਰਕਾਰ ਨਸ਼ਾ ਖਤਮ ਕਰ ਲਈ ਪੁਲਿਸ ਅਤੇ ਬੀਐਸਐਫ ਨਾਲ ਮਿਲ ਕੇ ਕੰਮ ਕਰ ਰਹੀ ਹੈ। ਲਗਾਤਾਰ ਸਰਹੱਦ ਪਾਰ ਤੋਂ ਹੁੰਦੀ ਤਸਕਰੀ ਜੋ ਕਿ ਜਿਆਦਾਤਰ ਡਰੋਨਾਂ ਰਾਹੀਂ ਹੋ ਰਹੀ ਹੈ, ਪੁਲਿਸ ਦੀ ਗ੍ਰਿਫਤ ਵਿੱਚ ਆ ਰਹੇ ਹਨ। ਇਸ ਤੋਂ ਇਲਾਵਾ ਨਸ਼ਾ ਸਮਗਲਰ ਵੀ ਪੁਲਿਸ ਨੇ ਦਬੋਚੇ ਹਨ ਪਰ ਇਸ ਦਾ ਮੁਕੰਮਲ ਖਾਤਮਾ ਤਾਂ ਹੀ ਹੋ ਸਕਦਾ ਹੈ ਜੇਕਰ ਪਿੰਡਾਂ ਦੇ ਲੋਕ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਜਿਲਾ ਪ੍ਰਸ਼ਾਸਨ ਦਾ ਸਾਥ ਦੇਣ। ਉਹਨਾਂ ਕਿਹਾ ਕਿ ਨਸ਼ੇ ਦੀ ਸਪਲਾਈ ਨੂੰ ਤੋੜਨ ਅਤੇ ਨਸ਼ੇ ਦੀ ਮੰਗ ਨੂੰ ਘੱਟ ਕਰਨ ਲਈ ਸਥਾਨਕ ਵਾਸੀ ਵੱਡਾ ਯੋਗਦਾਨ ਪਾ ਸਕਦੇ ਹਨ। ਉਹਨਾਂ ਦੱਸਿਆ ਕਿ ਅੰਮ੍ਰਿਤਸਰ ਵਿੱਚ ਪੰਜਾਬ ਸਰਕਾਰ ਵੱਲੋਂ ਨਸ਼ਾ ਛੁਡਾਊ ਕੇਂਦਰ ਚਲਾਇਆ ਜਾ ਰਿਹਾ ਹੈ ਜਿੱਥੇ ਕਿ ਨਸ਼ੇ ਤੋਂ ਪੀੜਤ ਰੋਗੀਆਂ ਦਾ ਮੁਫਤ ਇਲਾਜ ਹੁੰਦਾ ਹੈ ਪਰ ਦੁੱਖ ਦੀ ਗੱਲ ਹੈ ਕਿ ਬਹੁਤ ਘੱਟ ਲੋਕ ਇਹਨਾਂ ਨਸ਼ਾ ਛਡਾਊ ਕੇਂਦਰਾਂ ਦਾ ਸਹਾਰਾ ਲੈ ਰਹੇ ਹਨ। ਉਹਨਾਂ ਕਿਹਾ ਕਿ ਅੱਜ ਲੋੜ ਹੈ ਕਿ ਅਸੀਂ ਜਿੱਥੇ ਪਿੰਡਾਂ ਵਿੱਚ ਨਸ਼ੇ ਵੇਚਦੇ ਲੋਕਾਂ ਦੀ ਜਾਣਕਾਰੀ ਪੁਲਿਸ ਪ੍ਰਸ਼ਾਸਨ ਨੂੰ ਦਈਏ ਉੱਥੇ ਨਸ਼ਾ ਕਰ ਰਹੇ ਆਪਣੇ ਪਿੰਡਾਂ ਦੇ ਨੌਜਵਾਨਾਂ ਦਾ ਇਲਾਜ ਕਰਵਾਉਣ ਲਈ ਇਹਨਾਂ ਨਸ਼ਾ ਛਡਾਊ ਕੇਂਦਰਾਂ ਅਤੇ ਰੀਹੈਬਿਲੀਟੇਸ਼ਨ ਸੈਂਟਰਾਂ ਦਾ ਸਾਥ ਲਈਏ। ਇਸ ਮੌਕੇ ਸੰਬੋਧਨ ਕਰਦੇ ਜਿਲਾ ਪੁਲਿਸ ਮੁਖੀ ਸ੍ਰੀ ਸਤਿੰਦਰ ਸਿੰਘ ਨੇ ਸਪਸ਼ਟ ਸ਼ਬਦਾਂ ਵਿੱਚ ਕਿਹਾ ਕਿ ਪੰਜਾਬ ਪੁਲਿਸ ਹੁਣ ਕੇਵਲ ਨਸ਼ਾ ਦੀ ਤਸਕਰੀ ਹੀ ਬੰਦ ਨਹੀਂ ਕਰ ਰਹੀ ਬਲਕਿ ਨਸ਼ਾ ਵੇਚ ਕੇ ਬਣਾਈਆਂ ਗਈਆਂ ਜਾਇਦਾਤਾਂ ਵੀ ਜਬਤ ਕਰ ਰਹੀ ਹੈ। ਉਹਨਾਂ ਕਿਹਾ ਕਿ ਇਸ ਕੰਮ ਵਿੱਚ ਪੁਲਿਸ ਤਾਂ ਹੀ ਕਾਮਯਾਬ ਹੋ ਸਕਦੀ ਹੈ ਜੇਕਰ ਸਥਾਨਕ ਲੋਕ ਸਾਥ ਦੇਣ। ਉਹਨਾਂ ਕਿਹਾ ਕਿ ਤੁਸੀਂ ਸਾਡਾ ਸਾਥ ਦੇਣ ਲਈ ਅੱਗੇ ਆਓ ਤਾਂ ਮੈਂ ਵਾਐਦਾ ਕਰਦਾ ਹਾਂ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਕੇ ਰਹਾਂਗੇ । ਉਹਨਾਂ ਵਿਲੇਜ ਡਿਫੈਂਸ ਕਮੇਟੀਆਂ ਦੇ ਪ੍ਰਤੀਨਿਧੀਆਂ ਨੂੰ ਖੁੱਲ ਕੇ ਇਸ ਕੰਮ ਵਿੱਚ ਪੁਲਿਸ ਦਾ ਸਾਥ ਦਿਨ ਲਈ ਅਪੀਲ ਕੀਤੀ । ਉਹਨਾਂ ਕਿਹਾ ਕਿ ਸਾਡਾ ਪੰਜਾਬ ਮੁੜ ਲੀਹਾਂ ਤੇ ਤਾਂ ਹੀ ਆਵੇਗਾ ਜੇਕਰ ਅਸੀਂ ਆਪਣੇ ਭਵਿੱਖ, ਆਪਣੇ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਕਰ ਲਵਾਂਗੇ। ਇਸ ਮੌਕੇ ਐਸਡੀਐਮ ਸ੍ਰੀ ਲਾਲ ਵਿਸ਼ਵਾਸ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਸਵਾਮੀ ਵਿਵੇਕਾਨੰਦ ਨਸ਼ਾ ਮੁਕਤੀ ਅਤੇ ਮੁੜ ਵਸੇਬਾ ਕੇਂਦਰ ਵਿੱਚ ਨਸ਼ੇ ਤੋਂ ਗ੍ਰਸਤ ਲੋਕਾਂ ਦਾ ਕੀਤਾ ਜਾਂਦਾ ਹੈ ਮੁਫ਼ਤ ਇਲਾਜ ਡਿਪਟੀ ਕਮਿਸ਼ਨਰ ਥੋਰੀ

**ਜੰਡਿਆਲਾ ਗੁਰੂ, 16 ਜੁਲਾਈ ( ਕੁਲਵੰਤ ਸਿੰਘ ਵਿਰਦੀ)**-ਪੰਜਾਬ ਸਰਕਾਰ ਵਲੋਂ ਚਲਾਏ ਜਾ ਰਹੇ ਸਵਾਮੀ ਵਿਵੇਕਾਨੰਦ ਨਸ਼ਾ ਮੁਕਤੀ ਅਤੇ ਮੁੜ ਵਸੇਬਾ ਕੇਂਦਰ ਅੰਮ੍ਰਿਤਸਰ ਵਿੱਚ ਨਸ਼ਾ ਗ੍ਰਸਤ ਮਰੀਜਾਂ ਨੂੰ ਮੁਫ਼ਤ ਦਵਾਈਆਂ, ਮੁਫ਼ਤ ਖਾਣਾ-ਪੀਣਾ, ਮੁਫ਼ਤ ਰਹਿਣ-ਸਹਿਣ, ਮੁਫ਼ਤ ਟੈਸਟ ਕੀਤੇ ਜਾਂਦੇ ਹਨ ਅਤੇ ਨਸ਼ਾ ਮੁਕਤੀ ਦੇ ਸਾਰੇ ਵਾਰਡ ਏਅਰ ਕੰਡੀਸ਼ਨ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਸ੍ਰੀ ਘਨਸ਼ਾਮ ਥੋਰੀ ਨੇ ਦੱਸਿਆ ਕਿ ਨਸ਼ਾ ਛੱਡਣ ਵਾਲੇ ਮਰੀਜ਼ਾਂ ਨੂੰ ਸਕਿਲ ਡਿਵਲਪਮੈਂਟ ਕੋਰਸ, ਜਿਵੇਂ ਪਲੰਬਰ , ਇਲੈਕਟ੍ਰੀਸ਼ੀਅਨ, ਕੰਪਿਊਟਰ, ਮਿਊਜਿਕ ਅਤੇ ਡਾਂਸ ਆਦਿ ਦੇ ਕੋਰਸ ਕਰਵਾਏ ਜਾਂਦੇ ਹਨ ਅਤੇ ਇਨਾਂ ਨੂੰ ਤਜਰਬੇਕਾਰ ਸਟਾਫ ਦੁਆਰਾ ਸਿਖਲਾਈ ਦਿੱਤੀ ਜਾਂਦੀ ਹੈ, ਤਾਂ ਕਿ ਨਸ਼ਾ ਛੱਡਣ ਤੋਂ ਬਾਅਦ ਇਹ ਆਪਣਾ ਜੀਵਨ ਮੁੜ ਸੁਰਜੀਤ ਕਰ ਸਕਣ।



ਸ੍ਰੀ ਘਨਸ਼ਾਮ ਥੋਰੀ ਨੇ ਪਿੰਡ ਦੇ ਸਰਪੰਚਾਂ, ਪੰਚਾਂ, ਨੰਬਰਦਾਰਾਂ ਅਤੇ ਪੁਲਸ ਅਧਿਕਾਰੀਆਂ ਤੇ ਹੋਰ ਧਾਰਮਿਕ ਆਗੂਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਨਸ਼ਾ ਗ੍ਰਸਤ ਲੋਕਾਂ ਨੂੰ ਵੱਧ ਤੋਂ ਵੱਧ ਨ ਸ਼ਾ ਮੁਕਤੀ ਕੇਂਦਰਾਂ ਵਿੱਚ ਲੈ ਕੇ ਆਉਣ ਤਾਂ ਜੋ ਉਨਾਂ ਦਾ ਇਲਾਜ ਕੀਤਾ ਜਾ ਸਕੇ ਤਾਂ ਜੋ ਉਹ ਆਪਣੇ ਪੈਰਾਂ ਤੇ ਮੁੜ ਖੜ੍ਹੇ ਹੋ ਸਕਣ।

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਤਲਵੰਡੀ ਸਾਬੋ ਸ਼ੁਰੂਆਤ ਕਰੇਗੀ ਪੌਦੇ ਲਾਉਣ ਦੀ ਮੁਹਿੰਮ




ਤਲਵੰਡੀ ਸਾਬੋ, 16 ਜੁਲਾਈ (ਗੁਰਜੰਟ ਸਿੰਘ ਨਥੇਹਾ)- ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸ਼ੀਏਸ਼ਨ ਪੰਜਾਬ ਦੀ ਬਲਾਕ ਤਲਵੰਡੀ ਸਾਬੋ ਦੀ ਅਗਲੇ ਮਹੀਨੇ ਹੋਣ ਵਾਲੀ ਮਹੀਨਾਵਾਰ ਮੀਟਿੰਗ ਉਪਰੰਤ ਪੌਦੇ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ ਜਾਵੇਗੀ ਅਤੇ ਹਰ ਪੌਦੇ ਨੂੰ ਰੁੱਖ ਬਣਾਉਣ ਤੱਕ ਦੇਖਭਾਲ ਕਰਨ ਦਾ ਅਹਿਦ ਲਿਆ ਜਾਵੇਗਾ। ਉਕਤ ਵਿਚਾਰਾਂ ਦਾ ਪ੍ਰਗਟਾਵਾ ਐਸੋਸੀਏਸ਼ਨ ਦੇ ਬਲਾਕ ਪ੍ਰਧਾਨ ਗੁਰਮੇਲ ਸਿੰਘ ਘਈ ਨੇ ਪਿੰਡ ਗਹਿਲੇਵਾਲਾ ਦੇ ਗੁਰੂ ਵਿਖੇ ਉਹਨਾਂ ਦੇ ਸੀਨੀਅਰ ਸਾਥੀ ਗਗੜ ਸਿੰਘ ਦੇ ਸਤਿਕਾਰਯੋਗ ਪਿਤਾ ਸ੍ਰ. ਗੁਰਨਾਮ ਸਿੰਘ ਦੀ ਅੰਤਿਮ ਅਰਦਾਸ ਮੌਕੇ ਪੱਤਰਕਾਰ ਮਿਲਣੀ ਦੌਰਾਨ ਕੀਤਾ। ਉਹਨਾਂ ਕਿਹਾ ਕਿ ਐਸੋਸੀਏਸ਼ਨ ਦੀ ਹਰ ਮਹੀਨੇ 6 ਤਰੀਕ ਨੂੰ ਮੀਟਿੰਗ ਹੁੰਦੀ ਹੈ ਅਤੇ ਇਹ ਮੀਟਿੰਗ 6 ਅਗਸਤ ਨੂੰ ਹੋਵੇਗੀ ਜਿਸ ਵਿਚ ਡਾਕਟਰਾਂ ਦੀਆਂ ਮੁਸ਼ਕਲਾਂ ਸਬੰਧੀ ਵਿਚਾਰਾਂ ਤੋਂ ਬਾਅਦ ਪੌਦੇ ਦੀ ਲਾਉਣ ਦੀ ਮੁਹਿੰਮ ਸ਼ੁਰੂ ਕੀਤੀ ਜਾਵੇਗੀ। ਉਹਨਾਂ ਦੱਸਿਆ ਕਿ ਇਹ ਮੁਹਿੰਮ ਨੱਤ ਰੋਡ ਤਲਵੰਡੀ ਸਾਬੋ ਤੋ ਸ਼ੁਰੂ ਹੋਵੇਗੀ ਅਤੇ ਪਿੰਡਾਂ ਵਿਚ ਐਸੋਸੀਏਸ਼ਨ ਦੇ ਹਰ ਮੈਂਬਰ ਨੂੰ ਘੱਟੋ ਘੱਟ ਇਕ ਰੁੱਖ ਲਗਾਕੇ ਉਸ ਨੂੰ ਕਾਮਯਾਬ ਹੋਣ ਤੱਕ ਉਸ ਦੀ ਦੇਖ ਸੰਭਭਾਲ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ ਕਿਉਂਕਿ ਇਹ ਕਾਰਜ਼ ਆਉਣ ਵਾਲੇ ਸਮੇਂ ਦੀ ਜ਼ਰੂਰਤ ਹੈ। ਉਹਨਾਂ ਕਿਹਾ ਕਿ ਪੌਦਿਆਂ ਦੀ ਕਮੀ ਕਾਰਨ ਮੌਸਮ ਵਿਚ ਹੁਮਸ ਜ਼ਿਆਦਾ ਹੋ ਰਹੀ ਹੈ ਅਤੇ ਤਾਪਮਾਨ ਇਕ ਦਮ ਜ਼ਿਆਦਾ ਹੋਣਾ ਜਾਂ ਇਕ ਦਮ ਹੀ ਲੋੜ ਤੋਂ ਵੱਧ ਮੀਹ ਪੈਣਾ, ਹਵਾ ਦਾ ਦਬਾਅ ਇਕ ਦਮ ਘੱਟ ਜਾਣਾ ਇਸ ਨਾਲ ਮਨੁੱਖ ਦੇ ਸਰੀਰ ਵਿੱਚ ਅਸਰ ਪੈਂਦਾ ਹੈ। ਉਹਨਾਂ ਹੋਰ ਕਿਹਾ ਕਿ ਸਰੀਰ ਦੀ ਜ਼ਿਆਦਾ ਤਾਪਮਾਨ ਸਹਿਣ ਦੀ ਸ਼ਕਤੀ ਘੱਟ ਜਾਂਦੀ ਜਿਸ ਕਾਰਨ ਅਚਾਨਕ ਹੀ ਨੌਜਵਾਨਾਂ ਦੀ ਦਿਮਾਗ ਦੀ ਨਾੜੀ ਦਾ ਬਲਾਕ ਹੋਣਾ, ਦੌਰੇ ਪੈਣਾ (ਪੈਰਾਲਾਇਜ), ਅਧਰੰਗ ਹੋਣਾ, ਹਾਰਟ ਅਟੈਕ ਹੋਣਾ ਆਦਿ ਕੁਦਰਤ ਨਾਲ ਛੇੜਛਾੜ ਦਾ ਹੀ ਨਤੀਜਾ ਹਨ। ਉਹਨਾਂ ਅਪੀਲ ਕਰਦਿਆਂ ਕਿਹ ਕਿ ਵਾਤਾਵਰਨ ਨੂੰ ਸ਼ਾਂਤ ਕਰਨ ਲਈ ਵੱਧ ਤੋਂ ਵੱਧ ਪੌਦੇ ਲਗਾਏ ਜਾਣ। ਇਸ ਮੌਕੇ ਉਹਨਾਂ ਨਾਲ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਨਛੱਤਰ ਸਿੰਘ ਨਥੇਹਾ, ਤਾਲਮੇਲ ਕਮੇਟੀ ਪ੍ਰਧਾਨ ਗੁਲਾਬ ਸਿੰਘ ਫੂਲੋਖਾਰੀ, ਸੁਖਦੇਵ ਸਿੰਘ, ਜਰਨੈਲ ਸਿੰਘ ਕੌਰੇਆਣਾ, ਦਰਸ਼ਨ ਸਿੰਘ, ਕੇਵਲ ਸਿੰਘ ਸੁਖਲੱਧੀ, ਗੁਰਲਾਲ ਸਿੰਘ ਬਹਿਮਣ, ਅਮਰੀਕ ਸਿੰਘ ਨਵਾਂ ਪਿੰਡ, ਅਤੇ ਨਿਰਮਲ ਸ਼ਰਮਾ ਗੋਲੇਵਾਲਾ ਆਦਿ ਹਾਜ਼ਰ ਸਨ।

# ਸਪਰੇਅ ਅਤੇ ਬ੍ਰੀਡਿੰਗ ਚੈਕ ਕੀਤੀ ਡੇਂਗੂ ਤੇ ਵਾਰ " ਅਭਿਆਨ ਤਹਿਤ ਡੇਂਗੂ, ਮਲੇਰੀਆ, ਚਿਕਨਗੁਨੀਆਂ ਬਾਰੇ ਵਿਸਥਾਰਪੂਰਵਕ ਕੈਂਪ ਲਗਾਇਆ ਗਿਆ



**ਜੰਡਿਆਲਾ ਗੁਰੂ, 16 ਜੁਲਾਈ ( ਕੁਲਵੰਤ ਸਿੰਘ ਵਿਰਦੀ)**-ਪੰਜਾਬ ਸਰਕਾਰ ਸਿਹਤ ਵਿਭਾਗ ਸਿਵਲ ਸਰਜਨ ਅੰਮ੍ਰਿਤਸਰ ਡਾ .ਸੁਮੀਤ ਸਿੰਘ, ਜਿਲਾ ਐਪੀਡੀਮੌਲੋਜਿਸਟ ਡਾ .ਹਰਜੋਤ ਕੌਰ, ਸੀਨੀਅਰ ਮੈਡੀਕਲ ਅਫਸਰ ਇੰਚ ਸੀ ਐਚ ਸੀ ਤਰਸਿੱਕਾ ਐਸ ਐਮ ਓ ਡਾਕਟਰ ਮੋਨਾ ਚਤਰਥ ਜੀ , ਸਹਾਇਕ ਮਲੇਰੀਆ ਅਫਸਰ ਕੰਵਰ ਬਲਰਾਜ ਸਿੰਘ ਸਿੰਘ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਦੀ ਯੋਗ ਅਗਵਾਈ ਹੇਠ ਅੱਜ ਮਿਤੀ 16-07-2024 ਨੂੰ ਸੀ ਐਚ ਸੀ ਤਰਸਿੱਕਾ ਦੇ ਅਧੀਨ ਆਉਂਦੇ ਐਸ ਐਚ ਸੀ ਜੱਬੋਵਾਲ ਪਿੰਡ ਜੱਬੋਵਾਲ ਵਿੱਚ ਸਪਰੇ ਅਤੇ ਬ੍ਰੀਡਿੰਗ ਚੈਕ ਕੀਤੀ ਡੇਂਗੂ ਤੇ ਵਾਰ " ਅਭਿਆਨ ਤਹਿਤ ਡੇਂਗੂ, ਮਲੇਰੀਆ ਅਤੇ ਚਿਕਨਗੁਨੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਅਤੇ ਲੋਕਾਂ ਨੂੰ ਆਪਣੇ ਘਰਾਂ, ਆਲੇ ਦੁਆਲੇ ਅਤੇ ਸਕੂਲ ਦੀ ਸਾਫ ਸਫਾਈ ਰਖਣ, ਵਾਧੂ ਪਾਣੀ ਨਾ ਖੜ੍ਹਾ ਹੋਣ ਦੇਣ, ਫਰਿੱਜਾਂ, ਕੂਲਰ, ਗਮਲੇ, ਟਾਇਰ, ਕਬਾੜ ਆਦਿ ਵਿੱਚ ਪਾਣੀ ਜਮਾ ਨਾ ਹੋਣ ਦੇਣ ਬਾਰੇ ਦੱਸਿਆ ਗਿਆ ਕੁਲਵਿੰਦਰ ਜੀਤ ਸਿੰਘ ਅਜਮੇਰ ਸਿੰਘ, , ਰਵਿੰਦਰ ਸਿੰਘ ਹੈਲਥ ਸੁਪਰਵਾਈਜ਼ਰਾਂ ਨੇ ਡੇਂਗੂ ਬੁਖਾਰ ਦੇ ਲੱਛਣ, ਬਚਾਅ ਅਤੇ ਮੁਫਤ ਇਲਾਜ ਬਾਰੇ ਦੱਸਿਆ। ਜਸਪਾਲ ਸਿੰਘ,, ਐਮ ਪੀ ਐਚ ਡਬਲਯੂ ਅਮ੍ਰਿਤਪਾਲ ਸਿੰਘ, ਵੰਸਦੀਪ ਸਿੰਘ, ਜਗਜੀਤ ਸਿੰਘ ਹਰਭੇਜ ਸਿੰਘ, ਹਰਭਿੰਦਰ ਸਿੰਘ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸ਼ਹੀਦ ਊਧਮ ਸਿੰਘ ਦੀ ਯਾਦ ਵਿੱਚ ਕਵੈਂਟਰੀ ਵਿਖੇ

# ਕਬੱਡੀ ਟੂਰਨਾਮੈਂਟ ਕਰਵਾਇਆ ਗਿਆ

## ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਨੂੰ ਜਲਦੀ ਤੋਂ ਜਲਦੀ ਰਿਹਾਅ ਕੀਤਾ ਜਾਏ ਤਾਂ ਜੋ ਆਪਣੇ ਹਲਕੇ ਦੇ ਲੋਕਾਂ ਦੀਆਂ ਸੇਵਾਵਾਂ ਕਰ ਸਕਣ










ਪਿਛਲੇ ਦਿਨੀ ਸ਼ਹੀਦ ਊਧਮ ਸਿੰਘ ਦੀ ਯਾਦ ਦੇ ਵਿੱਚ ਕਵੈਂਟਰੀ ਵਿਖੇ ਕਬੱਡੀ ਟੂਰਨਾਮੈਂਟ ਕਰਵਾਇਆ ਗਿਆ ਜਿੱਥੇ ਤੀਰ ਗਰੁੱਪ ਦੇ ਮੈਂਬਰਾਂ ਨੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜਿਹੜੇ ਕਿ ਖਡੂਰ ਸਾਹਿਬ ਤੋਂ ਐਮ ਪੀ ਬਣੇ ਹਨ ਉਹਨਾਂ ਹਮਾਇਤ ਵਿੱਚ ਇੱਕ ਵੱਡਾ ਬੋਰਡ ਵੀ ਲਗਾਇਆ ਅਤੇ ਲੰਗਰ ਦੀਆਂ ਸੇਵਾਵਾਂ ਵੀ ਕੀਤੀਆਂ ਗਈਆਂ ਤੀਰ ਗਰੁੱਪ ਦੇ ਮੈਂਬਰਾਂ ਜਿਨ੍ਹਾਂ ਨੇ ਸੇਵਾਵਾਂ ਕੀਤੀਆਂ ਉਹਨਾਂ ਦੇ ਵਿੱਚ ਭਾਈ ਮਨਜਿੰਦਰ ਸਿੰਘ, ਗੁਰਵਿੰਦਰ ਸਿੰਘ ਬਾਜਵਾ, ਜਸਵੀਰ ਸਿੰਘ, ਸਰਬਜੀਤ ਸਿੰਘ, ਹਰਨੇਕ ਸਿੰਘ, ਬੇਅੰਤ ਸਿੰਘ, ਨਿਰਮਲ ਸਿੰਘ, ਸੰਤੋਖ ਸਿੰਘ, ਹਰਮਨ ਸਿੰਘ ਬਾਜਵਾ ਅਤੇ ਸੰਤੋਖ ਸਿੰਘ ਪੁਰੇਵਾਲ ਨੇ ਸੇਵਾਵਾਂ ਕੀਤੀਆਂ ਅਤੇ ਅਪੀਲ ਕੀਤੀ ਆ ਕਿ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜਿਹੜੇ ਖਡੂਰ ਸਾਹਿਬ ਤੋਂ ਲੋਕਾਂ ਦੇ ਐਮ ਪੀ ਚੁਣੇ ਗਏ ਹਨ ਉਹਨਾਂ ਨੂੰ ਜਲਦੀ ਤੋਂ ਜਲਦੀ ਰਿਹਾਅ ਕੀਤਾ ਜਾਏ ਤਾਂ ਜੋ ਆਪਣੇ ਹਲਕੇ ਦੇ ਵਿੱਚ ਆਪਣੇ ਲੋਕਾਂ ਦੀਆਂ ਸੇਵਾਵਾਂ ਕਰ ਸਕਣ।



ਆਵਾਜ਼ਿ ਕੌਮ AWAZE QAUM International Newspaper & WEB TV

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar



www.damdamitaksal.net

Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
www.damdamitaksal.net

ਨਾਮ ਜਪੋ
ਕਿਰਤ ਕਰੋ
ਵੰਡ ਛੱਕੋ

Naam Japo
Kirat Karo
Vand Shako

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ


## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 SERVICE EVERYDAY HOURS
PURE AND NATURAL 100% VEGETARIAN
Enjoy Real Taste of PUNJAB
KD
FULLY A.C. HALL
Khehra VAISHNO DHABA
BREAKFAST
LUNCH
DINNER
OUR SPECIALIZATION : Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment



ਪੰਜਾਬੀ
ਸਿੱਖੋ ਬੋਲੋ ਪੜ੍ਹੋ ਲਿਖੋ
ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ
Love Maa Boli Punjabi

ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼

ਮੁਕਤਾ, ਕੰਨਾ, ਸਿਹਾਰੀ, ਬਿਹਾਰੀ
ਔਂਕੜ, ਦੁਲੈਂਕੜ, ਲਾਂ, ਦੁਲਾਵਾਂ
ਹੋੜਾ, ਕਨੌੜਾ, ਟਿੱਪੀ, ਕੰਨਾ-ਬਿੰਦੀ
www.damdamitaksal.net

੧ ੨ ੩ ੪ ੫ ੬ ੭ ੮ ੯ ੧੦
www.damdamitaksal.net
Learn Speak Read Write
PUNJABI


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਧੰਨ–ਧੰਨ ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
✦ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote